Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


Vol 20*Issue 37 | Monday, February 22, 2021 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਭਲਕੇ ਹੋਵੇਗੀ ਟਰੂਡੋ ਤੇ ਬਾਇਡਨ ਦਰਮਿਆਨ ਪਹਿਲੀ ਵਰਚੂਅਲ ਮੁਲਾਕਾਤ

ਟੋਰਾਂਟੋ, 21 ਫਰਵਰੀ (ਪੋਸਟ ਬਿਊਰੋ) : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਮੰਗਲਵਾਰ ਨੂੰ ਪਹਿਲੀ ਵਰਚੂਅਲ ਮੀਟਿੰਗ ਕਰਨਗੇ।

ਟਰੂਡੋ ਤੇ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰੈੱਸ ਸਕੱਤਰ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਮੰਗਲਵਾਰ ਨੂੰ ਨਾ ਸਿਰਫ ਦੋਵੇਂ ਆਗੂ ਵਰਚੂਅਲ ਮੁਲਾਕਾਤ ਕਰਨਗੇ ਸਗੋਂ ਦੋਵਾਂ ਮੰਤਰੀ ਮੰਡਲ ਦੇ ਮੰਤਰੀ ਵੀ ਮੀਟਿੰਗ ਕਰਨਗੇ। ਬਾਇਡਨ ਦੇ 20 ਜਨਵਰੀ ਨੂੰ ਅਹੁਦਾ ਸਾਂਭਣ ਤੋਂ ਬਾਅਦ ਭਾਵੇਂ ਦੋਵਾਂ ਆਗੂਆਂ ਵਿਚਾਲੇ ਫੋਨ ਉੱਤੇ ਗੱਲਬਾਤ ਹੋ ਚੁੱਕੀ ਹੈ ਪਰ ਇਸ ਨੂੰ ਪਹਿਲੀ ਦੁਵੱਲੀ ਮੀਟਿੰਗ ਦਾ ਦਰਜਾ ਦਿੱਤਾ ਜਾ ਰਿਹਾ ਹੈ।

ਇੱਕ ਬਿਆਨ ਵਿੱਚ ਟਰੂਡੋ ਨੇ ਆਖਿਆ ਕਿ ਕੈਨੇਡਾ ਤੇ ਅਮਰੀਕਾ ਦਰਮਿਆਨ ਲੰਮੇਂ ਸਮੇਂ ਤੋਂ ਸਬੰਧ ਕਾਫੀ ਮਜ਼ਬੂਤ ਹਨ। ਇਹ ਸਬੰਧ ਸਾਡੀਆਂ ਸਾਂਝੀਆਂ ਕਦਰਾਂ ਕੀਮਤਾਂ, ਸਾਡੇ ਲੋਕਾਂ ਦਰਮਿਆਨ ਮਜ਼ਬੂਤ ਸਬੰਧਾਂ ਤੇ ਸਾਡੀ ਸਾਂਝੀ ਭੂਗੋਲਿਕ ਸਥਿਤੀ ਦੀ ਨੀਂਹ ਉੱਤੇ ਟਿਕੇ ਹਨ। ਪ੍ਰਧਾਨ ਮੰਤਰੀ ਨੇ ਆਖਿਆ ਕਿ ਰਾਸ਼ਟਰਪਤੀ ਬਾਇਡਨ ਨਾਲ ਹੋਣ ਵਾਲੀ ਇਸ ਮੀਟਿੰਗ ਨੂੰ ਲੈ ਕੇ ਉਹ ਕਾਫੀ ਆਸਵੰਦ ਹਨ ਤੇ ਕੋਵਿਡ-19 ਮਹਾਂਮਾਰੀ ਨੂੰ ਖ਼ਤਮ ਕਰਨ ਤੇ ਦੋਵਾਂ ਦੇਸ਼ਾਂ ਦੇ ਲੋਕਾਂ ਦੀ ਮਦਦ ਕਰਨ ਲਈ ਉਹ ਰਲ ਕੇ ਕੰਮ ਕਰਨਗੇ।


ਫਾਈਲ ਫੋਟੋ

ਵਾਈਟ ਹਾਊਸ ਤੇ ਪ੍ਰਧਾਨ ਮੰਤਰੀ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਦੋਵੇਂ ਆਗੂ ਆਪਣੇ ਮੁਲਕਾਂ ਦਰਮਿਆਨ ਨੇੜਲੇ ਆਰਥਿਕ ਸਬੰਧਾਂ ਬਾਰੇ ਵੀ ਵਿਚਾਰ ਵਟਾਂਦਰਾ ਕਰਨਗੇ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਰਾਸ਼ਟਰਪਤੀ ਵੱਲੋਂ ਬਾਇ ਅਮੈਰੀਕਨ ਪ੍ਰਬੰਧਾਂ ਕਾਰਨ ਕਿਤੇ ਨਾ ਕਿਤੇ ਦੋਵਾਂ ਮੁਲਕਾਂ ਦੇ ਸਬੰਧ ਖੱਟੇ ਹੋਏ ਹਨ। ਪਰ ਇਹ ਵੀ ਆਖਿਆ ਜਾ ਰਿਹਾ ਹੈ ਕਿ ਕੈਨੇਡਾ ਨੂੰ ਅਜਿਹੀ ਨੀਤੀ ਦੇ ਬਾਵਜੂਦ ਅਮਰੀਕਾ ਵੱਲੋਂ ਥੋੜ੍ਹੀ ਛੋਟ ਹੋਵੇਗੀ। ਇਸ ਤੋਂ ਇਲਾਵਾ ਬਾਇਡਨ ਵੱਲੋਂ ਆਫਿਸ ਵਿੱਚ ਆਪਣੇ ਪਹਿਲੇ ਦਿਨ ਹੀ ਕੀਅਸਟੋਨ ਐਕਸਐਲ ਪਾਈਪਲਾਈਨ ਪ੍ਰੋਜੈਕਟ ਨੂੰ ਰੱਦ ਕਰਨ ਦੇ ਫੈਸਲੇ ਤੋਂ ਵੀ ਕੈਨੇਡੀਅਨ ਆਗੂਆਂ ਵਿੱਚ ਰੋਹ ਹੈ। ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਵੱਲੋਂ ਤਾਂ ਫੈਡਰਲ ਸਰਕਾਰ ਤੋਂ ਇਹ ਵੀ ਮੰਗ ਕੀਤੀ ਗਈ ਹੈ ਕਿ ਇਸ ਪਾਈਪਲਾਈਨ ਪ੍ਰੋਜੈਕਟ ਦੇ ਰੱਦ ਹੋਣ ਦੇ ਬਰਾਬਰ ਆਰਥਿਕ ਨਤੀਜੇ ਅਮਰੀਕਾ ਨੂੰ ਵੀ ਭੁਗਤਣੇ ਪੈਣ, ਇਸ ਬਾਰੇ ਫੈਡਰਲ ਸਰਕਾਰ ਜ਼ਰੂਰ ਵਿਚਾਰ ਕਰੇ। ਟਰੂਡੋ ਦੇ ਆਫਿਸ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਹੈ ਕਿ ਦੁਵੱਲੇ ਊਰਜਾ ਸਬੰਧ ਵੀ ਦੋਵਾਂ ਆਗੂਆਂ ਦੀ ਗੱਲਬਾਤ ਦੌਰਾਨ ਵਿਚਾਰੇ ਜਾਣਗੇ।

## 35ਵੀਂ ਮੰਜ਼ਿਲ ਤੋਂ ਸ਼ਰਾਬ ਦੀਆਂ ਬੋਤਲਾਂ ਹੇਠਾਂ ਸੁੱਟਣ ਵਾਲੇ 3 ਵਿਅਕਤੀ ਗ੍ਰਿਫਤਾਰ



ਟੋਰਾਂਟੋ, 21 ਫਰਵਰੀ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਦੀ 35ਵੀਂ ਮੰਜ਼ਿਲ ਦੀ ਬਾਲਕਨੀ ਵਿੱਚੋਂ ਸ਼ਰਾਬ ਦੀਆਂ ਬੋਤਲਾਂ ਹੇਠਾਂ ਸੁੱਟਣ ਵਾਲੇ ਤਿੰਨ ਵਿਅਕਤੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ।

ਪੁਲਿਸ ਨੂੰ ਦੁਪਹਿਰੇ 2:30 ਵਜੇ ਲੇਕ ਸ਼ੋਰ ਬੋਲੀਵੀਆਰਡ ਤੇ ਯੌਰਕ ਸਟਰੀਟ ਦੇ ਲਾਂਘੇ ਉੱਤੇ ਇਹ ਦੱਸ ਕੇ ਸੱਦਿਆ ਗਿਆ ਕਿ ਕੁੱਝ ਲੋਕ ਪਾਰਟੀ ਕਰਨ ਤੋਂ ਬਾਅਦ ਸ਼ਰਾਬ ਦੀਆਂ ਬੋਤਲਾਂ ਹੇਠਾਂ ਸੁੱਟ ਰਹੇ ਹਨ। ਮੌਕੇ ਉੱਤੇ ਪਹੁੰਚ ਕੇ ਪੁਲਿਸ ਨੇ ਵੇਖਿਆ ਕਿ ਬੋਤਲਾਂ ਯੌਰਕ ਸਟਰੀਟ ਉੱਤੇ ਸੁੱਟੀਆਂ ਜਾ ਰਹੀਆਂ ਸਨ। ਅੰਤਰਿਮ ਪੁਲਿਸ ਚੀਫ ਜੇਮਜ਼ ਰੈਮਰ ਵੱਲੋਂ ਕੀਤੇ ਗਏ ਟਵੀਟ ਅਨੁਸ-ਾਰ ਜ਼ਮੀਨ ਉੱਤੇ ਮੌਜੂਦ ਪੁਲਿਸ ਅਧਿਕਾਰੀ ਵੀ ਸੱਟ ਖਾਣ ਤੋਂ ਮਸ੍ਹਾਂ ਬਚੇ।

ਫਿਰ ਪੁਲਿਸ 35ਵੀਂ ਮੰਜ਼ਿਲ ਉੱਤੇ ਸਥਿਤ ਕੌਂਡੋ ਪਹੁੰਚੀ ਤੇ 14 ਵਿਅਕਤੀਆਂ ਨੂੰ ਗੈਰਕਾਨੂੰਨੀ ਤੌਰ ਉੱਤੇ ਇੱਕਠੇ ਹੋਣ ਲਈ ਜੁਰਮਾਨਾ ਕੀਤਾ। ਕੁੱਝ ਪਲ ਬਾਅਦ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।

## ਟੈਕਸੀ ਇੰਡਸਟਰੀ ਨੂੰ ਰਾਹਤ ਲਈ ਸਿਟੀ ਆਫ ਟੋਰਾਂਟੋ ਵੱਲੋਂ ਨਵੇਂ ਪ੍ਰੋਗਰਾਮ ਦਾ ਖੁਲਾਸਾ

ਟੋਰਾਂਟੋ, 21 ਫਰਵਰੀ (ਪੋਸਟ ਬਿਊਰੋ) : ਸਿਟੀ ਆਫ ਟੋਰਾਂਟੋ ਵੱਲੋਂ ਟੈਕਸੀ ਇੰਡਸਟਰੀ ਦੀ ਹਾਲਤ ਨੂੰ ਸੁਧਾਰਨ ਲਈ ਕੁੱਝ ਰੈਗੂਲੇਟਰੀ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ ਇੰਡਸਟਰੀ ਨੂੰ ਕਾਫੀ ਮਦਦ ਮਿਲਣ ਦੀ ਉਮੀਦ ਹੈ।

ਕੋਵਿਡ-19 ਮਹਾਂਮਾਰੀ ਅਤੇ ਊਬਰ ਅਤੇ ਲਿਫਟ ਵਰਗੇ ਐਪਸ ਕਾਰਨ ਟੈਕਸੀ ਇੰਡਸਟਰੀ ਉੱਤੇ ਪਿਛਲੇ ਕੁੱਝ ਸਾਲਾਂ ਤੋਂ ਕਾਫੀ ਬੋਝ ਪਿਆ ਹੈ। ਸਿਟੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟੈਕਸੀਕੈਬ ਤੇ ਲਿਮੋਜ਼ਿਨ ਇੰਡਸਟਰੀ ਉੱਤੇ ਦਬਾਅ ਕਾਫੀ ਵਧਿਆ ਹੈ। ਇਸ ਸਾਲ ਮਹਾਂਮਾਰੀ ਕਾਰਨ ਤਾਂ ਇੰਡਸਟਰੀ ਦੀਆਂ ਸੇਵਾਵਾਂ ਵਿੱਚ ਕਾਫੀ ਕਟੌਤੀ ਹੋ ਜਾਣ ਕਾਰਨ ਹਾਲਤ ਹੋਰ ਵੀ ਮਾੜੀ ਹੋ ਗਈ। ਇਸ ਲਈ ਸਿਟੀ ਵੱਲੋਂ ਇੰਡਸਟਰੀ ਦੀ ਮਦਦ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।



ਸ਼ਨਿੱਚਰਵਾਰ ਨੂੰ ਸਿਟੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 2021 ਦੇ ਬਜਟ ਦੇ ਹਿੱਸੇ ਵਜੋਂ ਸਿਟੀ ਕਾਊਂਸਲ ਵੱਲੋਂ ਹੇਠ ਲਿਖੀਆਂ ਰੈਗੂਲੇਟਰੀ ਤਬਦੀਲੀਆਂ ਕੀਤੀਆਂ ਜਾਣਗੀਆਂ। ਸਿਟੀ ਵੱਲੋਂ ਜਾਰੀ ਨਵੀਂ ਰਲੀਜ਼ ਅਨੁਸਾਰ ਇਹ ਤਬਦੀਲੀਆਂ ਹੇਠ ਲਿਖੇ ਅਨੁਸਾਰ ਹਨ :

- ਸਿਟੀ ਕਾਊਂਸਲ ਦੇ ਅਗਲੇ ਫੈਸਲੇ ਤੱਕ ਰਨਿਊਅਲ ਫੀਸ ਵਿੱਚ 50 ਫੀ ਸਦੀ ਕਟੌਤੀ
- 2021 ਲਈ ਵ੍ਹੀਕਲ ਫੌਰ ਹਾਇਰ ਅਸੈਸੇਬਿਲਿਟੀ ਫੰਡ ਪ੍ਰੋਗਰਾਮ ਲਈ ਰੈਗੂਲੇਟਰੀ ਚਾਰਜਿਜ਼ ਵਿੱਚ ਅਸਥਾਈ ਕਟੌਤੀ
- ਰਨਿਊਅਲ ਫੀਸ ਅਦਾ ਨਾ ਕੀਤੇ ਜਾਣ ਕਾਰਨ 2020 ਵਿੱਚ ਐਕਸਪਾਇਰ ਹੋ ਚੁੱਕੇ ਤੇ ਰੱਦ ਹੋ ਚੁੱਕੇ ਟੈਕਸੀਕੈਬ ਲਾਇਸੰਸਾ ਨੂੰ ਬਹਾਲ ਕਰਨ ਦੇ ਸਬੰਧ ਵਿੱਚ ਤੇ ਫੀਸ ਅਦਾਇਗੀ ਲਈ 31 ਦਸੰਬਰ, 2021 ਤੱਕ ਡੈੱਡਲਾਈਨ ਵਿੱਚ ਵਾਧਾ ਕੀਤਾ ਗਿਆ ਹੈ।
- 2021 ਵਿੱਚ ਰਨਿਊਅਲ ਫੀਸ ਅਦਾ ਨਾ ਕਰਨ ਲਈ ਵ੍ਹੀਕਲ ਫੌਰ ਹਾਇਰ ਲਾਇਸੰਸ ਰੱਦ ਹੋਣ ਨੂੰ ਮੁਲਤਵੀ ਕੀਤਾ ਜਾਣਾ, ਇਹ ਅਦਾਇਗੀ ਮੁਲਤਵੀ ਅਰਜ਼ੀ ਪ੍ਰਕਿ-ਰਆ ਦੀ ਰਿਪੋਰਟ ਉੱਤੇ ਅਧਾਰਤ ਹੈ।

ਸਿਟੀ ਦਾ ਕਹਿਣਾ ਹੈ ਕਿ ਇਸ 2•47 ਮਿਲੀਅਨ ਡਾਲਰ ਦੀ ਮਦਦ ਨਾਲ 8670 ਡਰਾਈਵਰਾਂ ਦੀ ਮਦਦ ਹੋਵੇਗੀ।

## ਟੋਰਾਂਟੋ ਤੇ ਜੀਟੀਏ ਵਿੱਚ ਮੀਂਹ ਤੇ ਬਰਫਬਾਰੀ ਸਬੰਧੀ ਚੇਤਾਵਨੀ ਜਾਰੀ

ਟੋਰਾਂਟੋ, 21 ਫਰਵਰੀ (ਪੋਸਟ ਬਿਊਰੋ) : ਟੋਰਾਂਟੋ, ਜੀਟੀਏ ਤੇ ਦੱਖਣੀ ਓਨਟਾਰੀਓ ਦੇ ਬਹੁਤੇ ਹਿੱਸਿਆਂ ਲਈ ਵਿੰਟਰ ਵੈਦਰ ਟਰੈਵਲ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਰੀਜਨ ਵਿੱਚ ਰਾਤ ਭਰ ਮੀਂਹ ਤੇ ਬਰਫਬਾਰੀ ਹੋਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ। ਐਨਵਾਇਰਮੈਂਟ ਕੈਨੇਡਾ ਦਾ ਕਹਿਣਾ ਹੈ ਕਿ ਬਰਫਬਾਰੀ ਐਤਵਾਰ ਸ਼ਾਮ ਨੂੰ ਸ਼ੁਰੂ ਹੋਵੇਗੀ ਤੇ



ਸੋਮਵਾਰ ਸਵੇਰ ਤੱਕ ਜਾਰੀ ਰਹੇਗੀ। ਇਸ ਨਾਲ ਆਵਾਜਾਈ ਉੱਤੇ ਵੀ ਬਹੁਤ ਅਸਰ ਪਵੇਗਾ। ਇਸ ਦੌਰਾਨ 5 ਤੋਂ 10 ਸੈਂਟੀਮੀਟਰ ਬਰਫਬਾਰੀ ਹੋਣ ਦੀ ਸੰਭਾਵਨਾ ਹੈ। ਬਰਫਬਾਰੀ ਸੋਮਵਾਰ ਦੁਪਹਿਰ ਤੱਕ ਰਹੇਗੀ। ਇਸ ਬਰਫੀਲੇ ਤੂਫਾਨ ਕਾਰਨ ਡਰਾਈਵਿੰਗ ਸਮੇਂ ਹਾਲਾਤ ਖਰਾਬ ਰਹਿਣ ਤੇ ਪੂਅਰ ਵਿਜ਼ੀਬਿਲਿਟੀ ਰਹਿਣ ਦੀ ਵੀ ਚੇਤਾਵਨੀ ਦਿੱਤੀ ਗਈ ਹੈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance | Super Visa Insurance | Critical illness Ins | Mortgage Insurance | Travel & Visitor Ins | Disability Insurance | RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto | Business | Trucking | Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit | LMIA / Work permit | Permanent Residency | Family Sponsorship | Nanny | Visitor Visa | Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
Call: 416 278 4449 / 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH
Toronto: 149-2960 Drew Road, Mississauga | Winnipeg: 678 McPhillipsStreet, Winnipeg

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਾਲੇ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
ਕਰਜ਼ੇ ਦੀ ਸਿਰਦਰਦੀ ?
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished | Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate | Family Law | Business Closing | Corporate | Wills & Estate | Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law | Business Law | Wills & Estates | Family Law | Power of Attorney | Civil Litigation | Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance | Walkie pallet | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

# ਚੋਣਾਂ ਨੇੜੇ ਸੀ ਬੀ ਆਈ ਮਮਤਾ ਬੈਨਰਜੀ ਦੇ ਭਤੀਜੇ ਅਭਿਸ਼ੇਕ ਦੇ ਪਿੱਛੇ ਪੈਣ ਲੱਗੀ !

### * ਅਭਿਸ਼ੇਕ ਦੀ ਪਤਨੀ ਨੂੰ ਪੁੱਛਗਿੱਛ ਲਈ ਬੁਲਾ ਲਿਆ



ਕੋਲਕਾਤਾ, 21 ਫਰਵਰੀ, (ਪੋਸਟ ਬਿਊਰੋ)- ਪੱਛਮੀ ਬੰਗਾਲ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਓਥੋਂ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਭਤੀਜੇ ਅਭਿਸ਼ੇਕ ਬੈਨਰਜੀ ਦੀਆਂ ਮੁਸ਼ਕਲਾਂ ਵਧਦੀਆਂ ਜਾਪਦੀਆਂ ਹਨ। ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੀ ਇੱਕ ਟੀਮ ਅੱਜ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਦੇ ਭਤੀਜੇ ਅਭਿਸ਼ੇਕ ਬੈਨਰਜੀ ਦੇ ਘਰ ਜਾ ਪਹੁੰਚੀ, ਜਿਸ ਤੋਂ ਇਹ ਪ੍ਰਭਾਵ ਪੈਂਦਾ ਹੈ ਕਿ ਕੋਈ ਵੱਡਾ ਚੱਕਰ ਸ਼ੁਰੂ ਹੋਣ ਵਾਲਾ ਹੈ। ਜਾਣਕਾਰ ਸੂਤਰਾਂ ਮੁਤਾਬਕ ਕੋਲਾ ਤਸਕਰੀ ਕੇਸ ਵਿਚ ਅਭਿਸ਼ੇਕ ਬੈਨਰਜੀ ਦੀ ਪਤਨੀ ਨੂੰ ਸੀ ਬੀ ਆਈ ਨੇ ਸੰਮਨ ਜਾਰੀ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਸੀਬੀਆਈ ਦੀ ਇੱਕ ਟੀਮ ਅੱਜ ਐਤਵਾਰ ਨੂੰ ਕੋਲਾ ਤਸਕਰੀ ਕੇਸ ਵਿਚ ਪੁੱਛਗਿੱਛ ਕਰਨ ਲਈ ਸੰਮਨ ਲੈ ਕੇ ਕੋਲਕਾਤਾ ਵਿੱਚ ਅਭਿਸ਼ੇਕ ਬੈਨਰਜੀ ਦੇ ਘਰ ਪਹੁੰਚੀ। ਇਹ ਪਹਿਲਾ ਮੌਕਾ ਹੈ, ਜਦੋਂ ਸੀਬੀਆਈ ਨੇ ਕੋਲਾ ਤਸਕਰੀ ਕੇਸ ਵਿਚ ਕੋਈ ਕਾਰਵਾਈ ਕੀਤੀ ਅਤੇ ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਅਭਿਸ਼ੇਕ ਬੈਨਰਜੀ ਦੀ ਪਤਨੀ ਨੂੰ ਸੰਮਨ ਜਾਰੀ ਕੀਤੇ ਹਨ। ਨੇੜਲੇ ਸੂਤਰਾਂ ਮੁਤਾਬਕ ਸੀਬੀਆਈ ਨੇ ਅੱਜ ਅਭਿਸ਼ੇਕ ਦੀ ਪਤਨੀ ਰੁਜੀਰਾ ਨਰੂਲਾ ਨੂੰ ਪੁੱਛਗਿੱਛ ਲਈ ਪੇਸ਼ ਹੋਣ ਵਾਸਤੇ ਕਿਹਾ ਹੈ।

ਵਰਨਣ ਯੋਗ ਹੈ ਕਿ ਗੈਰ ਕਨੂੰਨੀ ਮਾਈਨਿੰਗ ਅਤੇ ਕੋਲਾ ਤਸਕਰੀ ਦੇ ਕੇਸ ਵਿਚ ਸੀਬੀਆਈ ਲਗਾਤਾਰ ਛਾਪੇ ਮਾਰ ਰਹੀ ਹੈ। ਇਸ ਕੇਸਵਿੱਚ ਜੈਦੇਵ ਮੰਡਲ ਅਤੇ ਲੰਬੇ ਸਮੇਂ ਤੋਂ ਫਰਾਰ ਚੱਲ ਰਹੇ ਕੋਲਾ ਮਾਫੀਆ ਅਨੂਪ ਮਾਝੀ ਉਰਫ ਲਾਲਾ ਦੇ ਟਿਕਾਣਿਆਂ ਉੱਤੇ ਵੀ ਕੁਝ ਦਿਨ ਪਹਿਲਾਂ ਸੀਬੀਆਈ ਨੇ ਛਾਪਾ ਮਾਰਿਆ ਸੀ। ਸੀਬੀਆਈ ਨੇ ਇਸ ਮਾਮਲੇ ਵਿੱਚ ਅਨੂਪ ਮਾਝੀ ਉਰਫ ਲਾਲਾ ਦੀ ਜਾਇਦਾਦ ਜ਼ਬਤ ਕਰਨ ਲਈ ਹਾਈ ਕੋਰਟ ਨੂੰ ਅਪੀਲ ਵੀ ਕੀਤੀ ਹੋਈ ਹੈ।

## ਸੰਯੁਕਤ ਕਿਸਾਨ ਮੋਰਚੇ ਵੱਲੋਂ 24 ਨੂੰ ਦਮਨ ਵਿਰੋਧੀ ਦਿਵਸ ਮਨਾਉਣ ਦਾ ਐਲਾਨ

### * 27 ਫਰਵਰੀ ਨੂੰ 'ਮਜ਼ਦੂਰ ਕਿਸਾਨ ਏਕਤਾ ਦਿਵਸ' ਮਨਾਇਆ ਜਾਵੇਗਾ



ਨਵੀਂ ਦਿੱਲੀ, 21 ਫਰਵਰੀ, (ਪੋਸਟ ਬਿਊਰੋ)- ਸੰਯੁਕਤ ਕਿਸਾਨ ਮੋਰਚਾ ਦੀ ਜਨਰਲ ਬਾਡੀ ਦੀ ਅੱਜ ਵਾਲੀ ਮੀਟਿੰਗ ਵਿੱਚਇਸ ਮੋਰਚੇ ਦੇ ਤੀਸਰੇ ਪੜਾਅ ਨਾਲ ਸਬੰਧਤ ਕਈ ਮਹੱਤਵਪੂਰਨ ਫੈਸਲੇ ਲਏ ਗਏ। ਇਸ ਤੋਂ ਪਹਿਲਾਂ ਦੇ ਇੱਕ ਫੈਸਲੇ ਮੁਤਾਬਕ ਮੋਰਚੇ ਵੱਲੋਂ 23 ਫਰਵਰੀ ਨੂੰ 'ਪਗੜੀ ਸੰਭਾਲ ਦਿਵਸ' ਮਨਾਇਆ ਜਾਵੇਗਾ। ਇਹ ਦਿਨ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਤੇ ਸਵਾਮੀ ਸਹਜਾਨੰਦ ਦੀ ਯਾਦ ਵਿੱਚ ਮਨਾਉਣਾ ਹੈ ਤੇ ਇਸ ਦਿਨ ਕਿਸਾਨ ਆਪਣਾ ਸਵੈ-ਮਾਣ ਜ਼ਾਹਰ ਕਰਨ ਲਈਆਪੋ-ਆਪਣੇ ਇਲਾਕੇ ਦੀ ਦਸਤਾਰ ਬੰਨ੍ਹਣਗੇ।

ਅੱਜ ਮੀਟਿੰਗ ਮਗਰੋਂ ਕਿਸਾਨ ਲੀਡਰਾਂ ਨੇ ਦੱਸਿਆ ਕਿ 24 ਫਰਵਰੀ ਨੂੰ 'ਦਮਨ ਵਿਰੋਧੀ ਦਿਵਸ' ਮਨਾਉਣ ਲਈ ਫੈਸਲਾ ਕੀਤਾ ਗਿਆ ਹੈ, ਜਿਸ ਦੌਰਾਨ ਕਿਸਾਨ ਅੰਦੋਲਨ ਉੱਤੇ ਸਰਬਪੱਖੀ ਜ਼ਬਰ ਦਾ ਵਿਰੋਧ ਕੀਤਾ ਜਾਵੇਗਾ ਅਤੇ ਇਸ ਦਿਨ ਸਾਰੀਆਂ ਤਹਿਸੀਲਾਂ ਅਤੇ ਜ਼ਿਲਾ ਹੈੱਡਕੁਆਰਟਰਾਂ ਵਿਖੇ ਰਾਸ਼ਟਰਪਤੀ ਲਈ ਯਾਦ ਪੱਤਰ ਦਿੱਤੇ ਜਾਣਗੇ।ਇਸ ਤੋਂ ਬਾਅਦ 26 ਫਰਵਰੀ ਨੂੰ ਦਿੱਲੀ ਮੋਰਚੇ ਦੇ ਤਿੰਨ ਮਹੀਨੇ ਪੂਰੇ ਹੋਣ ਉੱਤੇ ਨੌਜਵਾਨਾਂ ਦੇ ਯੋਗਦਾਨ ਨੂੰ ਮੁੱਖ ਰੱਖ ਕੇ 'ਯੁਵਾ ਕਿਸਾਨ ਦਿਵਸ'ਮਨਾਇਆ ਜਾਵੇਗਾਤੇ 27 ਜਨਵਰੀ ਨੂੰ 'ਮਜ਼ਦੂਰ ਕਿਸਾਨ ਏਕਤਾ ਦਿਵਸ' ਸ੍ਰੀ ਗੁਰੂ ਰਵਿਦਾਸ ਜਯੰਤੀ ਅਤੇ ਸ਼ਹੀਦ ਚੰਦਰਸ਼ੇਖਰ ਆਜ਼ਾਦ ਦੇ ਸ਼ਹੀਦੀ ਦਿਵਸ ਉੱਤੇ ਮਨਾਇਆ ਜਾਵੇਗਾ।

## ਟਰੈਡਮਿਲ ਦੀ ਬਜਾਏ ਘਰ 'ਚ ਦੇਖੋ ਹਾਰਰ ਫਿਲਮਾਂ, ਜ਼ਿਆਦਾ ਕੈਲੋਰੀ ਬਰਨ ਹੋਵੇਗੀ

ਨਿਊ ਯਾਰਕ, 21 ਫਰਵਰੀ (ਪੋਸਟ ਬਿਊਰੋ)- ਅਸੀਂ ਸਭ ਨੇ ਬਚਪਨ ਵਿੱਚ ਡਰਾਉਣੀਆਂ ਕਹਾਣੀਆਂ ਸੁਣੀਆਂ ਹਨ ਅਤੇ ਫਿਲਮਾਂ ਦੇਖੀਆਂ ਹਨ। ਫਿਲਮਾਂ ਅਤੇ ਕਹਾਣੀਆਂ ਦੇ ਦੌਰਾਨ ਸਾਡੇ ਸਰੀਰ ਦੇ ਅੰਦਰ ਕੁਝ ਅਜੀਬ ਜਿਹਾ ਹੋਣ ਲੱਗਦਾ ਹੈ, ਜਿਸ ਨੂੰ ਤੁਸੀਂ ਡਰ ਵੀ ਕਹਿ ਸਕਦੇ ਹੋ, ਸਸਪੈਂਸ ਵੀ ਅਤੇ ਜਗਿਆਸਾ ਵੀ, ਪਰ ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਹਾਰਰ ਫਿਲਮਾਂ ਦੇਖਣ ਨਾਲ ਤੁਹਾਨੂੰ ਬਹੁਤ ਜ਼ਿਆਦਾ ਫਾਇਦਾ ਹੁੰਦਾ ਹੈ। ਜੇ ਤੁਸੀਂ ਆਲਸੀ ਹੋ, ਤਾਂ ਹਾਰਰ ਫਿਲਮਾਂ ਦੇਖਣਾ ਤੁਹਾਡੇ ਲਈ ਬੇਹੱਦ ਫਾਇਦੇਮੰਦ ਰਹੇਗਾ।

ਅਸਲ ਵਿੱਚ ਨੱਬੇ ਮਿੰਟ ਦੀ ਹਾਰਰ ਫਿਲਮ ਦੇਖਣ 'ਤੇ ਤੁਸੀਂ 113 ਕੈਲੋਰੀਜ ਤੱਕ ਬਰਨ ਕਰ ਲੈਂਦੇ ਹੋ, ਜਦ ਕਿ ਇੰਨੀ ਕੈਲੋਰੀ ਬਰਨ ਕਰਨ ਲਈ ਆਮ ਆਦਮੀ ਨੂੰ ਤੀਹ ਮਿੰਟ ਸੈਰ ਕਰਨੀ ਪੈਂਦੀ ਹੈ।ਰਿਸਰਚ ਤੋਂ ਪਤਾ ਲੱਗਾ ਹੈ ਕਿ ਹਾਰਰ ਫਿਲਮ ਦੇਖਣ ਵੇਲੇ ਸਾਡੇ ਸਰੀਰ ਵਿੱਚ ਐਡਰੇਲਾਈਨ ਪੈਦਾ ਹੁੰਦਾ ਹੈ। ਇਹ ਸਾਡੇ ਹਿਊਮਨ ਸਿਸਟਮ ਨੂੰ ਫਾਇਦਾ ਪਹੁੰਚਾਉਂਦਾ ਹੈ। ਇੱਕ ਸਰਵੇ ਵਿੱਚ ਔਰਤਾਂ ਅਤੇ ਮਰਦਾਂ ਨੂੰ ਲਿਆ ਗਿਆ, ਜਿਨ੍ਹਾਂ ਨੇ ਹਾਰਰ ਫਿਲਮ ਦੇਖੀ ਸੀ, ਇਸ ਦੇ ਬਾਅਦ ਇਨ੍ਹਾਂ ਦੇ ਸਰੀਰ ਵਿੱਚ ਵ੍ਹਾਈਟ ਬਲੱਡ ਸੈਲਜ਼ ਦਾ ਵਾਧਾ ਦੇਖਿਆ ਗਿਆ। ਪਿੱਛੇ ਜਿਹੇ ਹਾਰਰ ਫਿਲਮਾਂ ਬਾਰੇ ਕੁਝ ਖੋਜਾਂ ਹੋਈਆਂ ਹਨ, ਜੋ ਦੱਸਦੀਆਂ ਹਨ ਕਿ ਹਾਰਰ ਫਿਲਮਾਂ ਦੇਖਣ ਨਾਲ ਸਾਡੇ ਦਿਮਾਗ ਵਿੱਚ ਨਿਊਰੋਟ੍ਰਾਂਸਮੀਟਰ ਨਿਕਲਦੇ ਹਨ। ਇਹ ਸਾਨੂੰ ਕੁਝ ਸਮੇਂ ਦੇ ਲਈ ਜ਼ਿਆਦਾ ਸਾਵਧਾਨ ਕਰ ਸਕਦੇ ਹਨ। ਇਸ ਦੇ ਇਲਾਵਾ ਫਿਲਮ ਦੀ ਇਸੇ ਖਾਸੀਅਤ ਦੇ ਕਾਰਨ ਅਸੀਂ ਭਵਿੱਖ ਵਿੱਚ ਆਉਣ ਵਾਲੇ ਹਾਲਾਤ ਦੇ ਲਈ ਵੀ ਤਿਆਰ ਹੋ ਜਾਂਦੇ ਹਾਂ।

## ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਖ਼ਿਲਾਫ਼ ਸੁਣਵਾਈ ਤੋਂ ਪਾਕਿਸਤਾਨ ਦੇ ਜੱਜਾਂ ਵਿੱਚ ਪਾਟਕ

### * ਜਸਟਿਸ ਫ਼ੈਜ਼ ਨੇ ਕਿਹਾ: ਸੁਣਵਾਈ ਰੋਕੀ ਤਾਂ ਨਿਆਂ ਪ੍ਰਣਾਲੀ ਕਮਜ਼ੋਰ ਹੋਵੇਗੀ

ਇਸਲਾਮਾਬਾਦ, 21 ਫਰਵਰੀ, (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਖਿਲਾਫ ਇੱਕ ਕੇਸ ਦੀ ਸੁਪਰੀਮ ਕੋਰਟ ਵਿਚ ਸੁਣਵਾਈ ਦੇ ਮੁੱਦੇ ਤੋਂ ਜੱਜਾਂ ਵਿਚਾਲੇ ਘਮਸਾਨ ਸ਼ੁਰੂ ਹੋ ਗਿਆ ਹੈ। ਇਮਰਾਨ ਖ਼ਾਨ ਦੇ ਖ਼ਿਲਾਫ਼ ਚੱਲਦੇ ਕੇਸ ਦੀ ਸੁਣਵਾਈ ਰੋਕਣ ਦੇ ਚੀਫ ਜਸਟਿਸ ਗੁਲਜ਼ਾਰ ਅਹਿਮਦ ਦੇ ਆਦੇਸ਼ ਪਿੱਛੋਂ ਸੁਣਵਾਈ ਕਰ ਰਹੇਜਸਟਿਸ ਕਾਜ਼ੀ ਫ਼ੈਜ਼ ਇਸ਼ਾ ਨੇ ਇਸ ਮੁੱਦੇ ਤੋਂ ਮੋਰਚਾ ਖੋਲ੍ਹ ਦਿੱਤਾਤੇ ਜੱਜ ਇਕੱਠੇ ਹੋਣ ਲੱਗੇ ਹਨ।ਜਸਟਿਸ ਕਾਜ਼ੀ ਫੈਜ਼ ਨੇ ਕਿਹਾ ਹੈ ਕਿ ਇਮਰਾਨ ਖਾਨ ਦੇ ਖ਼ਿਲਾਫ਼ ਸੁਣਵਾਈ ਰੋਕਣ ਨਾਲ ਦੇਸ਼ ਦੀ ਨਿਆਂ ਪ੍ਰਣਾਲੀ ਕਮਜ਼ੋਰ ਹੋਵੇਗੀ।



ਇਸ ਤੋਂ ਪਹਿਲਾਂ ਚੀਫ ਜਸਟਿਸ ਗੁਲਜ਼ਾਰ ਅਹਿਮਦ ਨੇ ਬੀਤੀ 11 ਫਰਵਰੀ ਨੂੰ ਸੀਨੀਅਰ ਜੱਜ ਕਾਜ਼ੀ ਫ਼ੈਜ਼ ਇਸ਼ਾ ਨੂੰ ਇਮਰਾਨ ਖ਼ਾਨ ਨਾਲ ਸਬੰਧਤ ਇਕ ਕੇਸ ਦੀ ਸੁਣਵਾਈ ਕਰਨ ਤੋਂ ਰੋਕ ਦਿੱਤਾ ਸੀ। ਇਹ ਕੇਸ ਪਾਰਲੀਮੈਂਟ ਮੈਂਬਰਾਂ ਨੂੰ ਦਿੱਤੀ ਜਾਣ ਵਾਲੀ ਗਰਾਂਟ ਰੋਕਣ ਦੇ ਸਬੰਧ ਵਿਚ ਹੈ। ਵਿਰੋਧੀ ਧਿਰ ਦੇ ਨੇਤਾਵਾਂ ਨੇ ਇਮਰਾਨ ਖਾਨ ਦੇ ਨਾਲ ਇਸ ਦੇਸ਼ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੇ ਖ਼ਿਲਾਫ਼ ਵੀ ਹਮਲਾਵਰ ਰੁਖਧਾਰਨ ਕਰ ਲਿਆ ਹੈ। ਇਸ ਦੇ ਬਾਅਦ ਜਸਟਿਸ ਕਾਜ਼ੀ ਫ਼ੈਜ਼ ਇਸ਼ਾ ਨੇ ਮੋਰਚਾ ਖੋਲ੍ਹ ਦਿੱਤਾਅਤੇ ਚੀਫ ਜਸਟਿਸ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਇਸ ਤਰ੍ਹਾਂ ਦਾ ਲਿਖਤੀ ਆਦੇਸ਼ ਜਾਰੀ ਕਰਨ ਤੋਂ ਪਹਿਲਾਂ ਆਪਣੇ ਸਹਿਯੋਗੀ ਜੱਜਾਂ ਤੱਕ ਨਾਲ ਸਲਾਹ ਨਹੀਂ ਕੀਤੀ ਅਤੇ ਸੁਣਵਾਈ ਕਰਨ ਵਾਲੀ ਦੋ ਜੱਜਾਂ ਦੀ ਬੈਂਚ ਨੂੰ ਵੀ ਇਸ ਆਦੇਸ਼ ਦੇ ਜਾਰੀ ਕਰਨ ਤੋਂ ਪਹਿਲਾਂ ਕੋਈ ਜਾਣਕਾਰੀ ਨਹੀਂ ਦਿੱਤੀ। ਇਸ ਆਦੇਸ਼ ਦੀ ਕਾਪੀ ਜੂਨੀਅਰ ਜੱਜਾਂ ਨੂੰ ਭੇਜ ਦਿੱਤੀ ਗਈ, ਪਰ ਸੀਨੀਅਰ ਜੱਜਾਂ ਨੂੰ ਨਹੀਂ ਦੱਸਿਆ। ਇਸ ਆਦੇਸ਼ ਉੱਤੇ ਨਾ ਦਸਤਖ਼ਤ ਕੀਤੇ ਗਏ ਅਤੇ ਨਾ ਇਸ ਨੂੰ ਸੁਪਰੀਮ ਕੋਰਟ ਦੀ ਵੈੱਬਸਾਈਟ ਉੱਤੇ ਅਪਲੋਡ ਕੀਤਾ ਗਿਆ। ਸੀਨੀਅਰ ਜੱਜ ਜਸਟਿਸ ਕਾਜ਼ੀ ਫੈਜ਼ ਨੇ ਕਿਹਾ ਕਿ ਇਸ ਤਰੀਕੇ ਨਾਲ ਨਿਆਂਪਾਲਿਕਾ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ।

## ਕੈਂਟਰ-ਬਾਈਕ ਦੀ ਟੱਕਰ ਵਿੱਚ ਮਾਪਿਆਂ ਦੇ ਇਕਲੌਤੇ ਪੁੱਤਰ ਦੀ ਮੌਤ

ਸੰਗਰੂਰ, 21 ਫਰਵਰੀ (ਪੋਸਟ ਬਿਊਰੋ)- ਫੋਕਲ ਪੁਆਇੰਟ ਨੇੜੇ ਬਾਈਕ ਅਤੇ ਕੈਂਟਰ ਦੀ ਟੱਕਰ ਵਿੱਚ ਬਾਈਕ ਸਵਾਰ ਨੌਜਵਾਨ ਦੀ ਮੌਤ ਹੋ ਗਈ ਹੈ। ਕੈਂਟਰ ਬਾਈਕ ਅਤੇ ਨੌਜਵਾਨ ਨੂੰ 100 ਮੀਟਰ ਤੱਕ ਘਸੀਟਦਾ ਲੈ ਗਿਆ। ਨੌਜਵਾਨ ਦੇ ਕਈ ਅੰਗ ਸੜਕ ਉੱਤੇ ਖਿਲਰ ਗਏ ਅਤੇ ਲਾਸ਼ ਕੈਂਟਰ ਦੇ ਟਾਇਰਾਂ ਵਿੱਚ ਫਸ ਗਈ, ਜਿਸ ਨੂੰ ਕਾਫੀ ਮੁਸ਼ਕਲ ਦੇ ਬਾਅਦ ਜੇ ਸੀ ਬੀ ਅਤੇ ਲੋਕਾਂ ਦੀ ਮਦਦ ਨਾਲ ਕੱਢਿਆ ਗਿਆ। ਚਾਲਕ ਕੈਂਟਰ ਛੱਡ ਕੇ ਫਰਾਰ ਹੋ ਗਿਆ।




ਇਸ ਸ਼ਹਿਰ ਦੀ ਪੁਲਸ ਲਾਈਨ ਦਾ ਵਸਨੀਕ ਮਨਜੋਤ ਸਿੰਘ ਆਪਣੇ ਦੋਸਤ ਜਸ਼ਨਪ੍ਰੀਤ ਸਿੰਘ ਦੇ ਨਾਲ ਬਾਈਕ ਉੱਤੇ ਸੁਨਾਮ ਤੋਂ ਸੰਗਰੂਰ ਵੱਲ ਆ ਰਿਹਾ ਸੀ। ਬਾਈਕ ਨੂੰ ਜਸ਼ਨਪ੍ਰੀਤ ਚਲਾ ਰਿਹਾ ਸੀ। ਫੋਕਲ ਪੁਆਇੰਟ ਨੇੜੇ ਸਾਹਮਣੇ ਤੋਂ ਆ ਰਹੇ ਕੈਂਟਰ ਦੀ ਬਾਈਕ ਦੇ ਨਾਲ ਟੱਕਰ ਹੋ ਗਈ ਤਾਂ ਜਸ਼ਨਪ੍ਰੀਤ ਇੱਕ ਪਾਸੇ ਡਿੱਗ ਪਿਆ ਤੇ ਪਿੱਛੇ ਬੈਠਾ ਮਨਜੋਤ ਕੈਂਟਰ ਦੀ ਲਪੇਟ ਵਿੱਚ ਆ ਗਿਆ। ਬਾਈਕ ਕੈਂਟਰ ਦੇ ਅੱਗੇ ਤੇ ਮਨਜੋਤ ਪਿਛਲੇ ਟਾਇਰ ਵਿੱਚ ਫਸ ਗਿਆ। ਬਾਈਕ ਨੂੰ ਕੈਂਟਰ 100 ਮੀਟਰ ਤੱਕ ਘਸੀਟਦੇ ਹੋਏ ਲੈ ਗਿਆ।




## ਅੱਜ ਨਾਮਾ >>

ਹਰ ਕੋਈ ਪੁੱਛਦਾ ਇਹੋ ਕਿ ਬਣੇਗਾ ਕੀ,
ਮੁੱਦਾ ਹੋਊ ਕਿਸਾਨੀ ਦਾ ਹੱਲ ਕਿ ਨਹੀਂ।
ਖਾਲੀ ਦਾਅਵਾ ਸਰਕਾਰ ਆ ਕਰੀ ਜਾਂਦੀ,
ਕਰਨੀ ਨਾਲ ਕਿਸਾਨਾਂ ਦੇ ਗੱਲ ਕਿ ਨਹੀਂ।
ਟੁੱਟਾ ਸਬਰ ਕਿਸਾਨ ਜੇ ਭੜਕ ਪਏ ਤਾਂ,
ਵਗੇ ਵਹਿਣ ਨੂੰ ਸਕੂਗੀ ਝੱਲ ਕਿ ਨਹੀਂ।
ਭੁਗਤਗੇ ਉਹਦੇ ਖਿਲਾਫ ਜਦ ਚੋਣ ਅੰਦਰ,
ਰੰਗ ਮੋਦੀ ਦਾ ਸਕੇਗਾ ਕਿ ਚੱਲ ਕਿ ਨਹੀਂ।
ਵਧਦੀ ਗਿਣਤੀ ਸਵਾਲਾਂ ਦੀ ਰੋਜ਼ ਜਾਂਦੀ,
ਮਿਲਦਾ ਕਿਸੇ ਦਾ ਕੋਈ ਜਵਾਬ ਹੈ ਨਹੀਂ।
ਪਾ-ਪਾ ਵੋਟਾਂ ਤੇਦਿੱਤਾ ਇਹ ਮਾਣ ਲੋਕਾਂ,
ਆਖਰ ਆਗੂ ਹੈ, ਮੋਦੀ ਨਵਾਬ ਹੈ ਨਹੀਂ।

ਤੀਸ ਮਾਰ ਖਾਂ

# ਕੈਪਟਨ ਅਮਰਿੰਦਰ ਦੀ ਸਫਾਈ: ਖੇਤੀ ਕਾਨੂੰਨਾਂ ਉਤੇ ਰੋਕ ਦੀ ਮਿਆਦ ਬਾਰੇ ਮੇਰਾ ਬਿਆਨ ਤੋੜ ਮਰੋੜ ਕੇ ਪੇਸ਼ ਕੀਤਾ ਗਿਐ

ਚੰਡੀਗੜ੍ਹ, 21 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਸਫਾਈ ਦਿੱਤੀ ਹੈ ਕਿ ਖੇਤੀ ਕਾਨੂੰਨਾਂ ਦੀ ਕਿਸੇ ਸਸਪੈਂਸ਼ਨ ਦੇ ਵਾਧੇ ਬਾਰੇ ਉਨ੍ਹਾਂ ਦੇ ਬਿਆਨ ਨੂੰ 'ਗਲਤ ਵਿਆਖਿਆ' ਦੇ ਨਾਲ ਇਸ ਮੁੱਦੇ ਉਤੇ ਉਨ੍ਹਾਂ ਦਾਗਲਤ ਪ੍ਰਭਾਵ ਦੇਣ ਲਈ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕੁਝ ਕਿਸਾਨ ਨੇਤਾਵਾਂ ਵੱਲੋਂ ਉਨ੍ਹਾਂ (ਮੁੱਖ ਮੰਤਰੀ) ਵੱਲੋਂ ਅੰਦੋਲਨ ਵਿੱਚ ਦਖਲ ਦੇਣ ਦੀ ਕੋਸ਼ਿਸ਼ ਦੇ ਸ਼ੱਕ ਨੂੰ ਰੱਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਇੰਟਰਵਿਊ ਤੋਂ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਪੂਰੀ ਤਰ੍ਹਾਂ ਗਲਤ ਹੈ, ਜਿਵੇਂ ਇਸ ਮੁੱਦੇ ਉੱਤੇ ਉਨ੍ਹਾਂ ਦੇ ਬਾਕੀ ਬਿਆਨ ਤੋਂ ਸਪੱਸ਼ਟ ਹੁੰਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਦੋਂ ਤੱਕ ਦੋਵੇਂ ਧਿਰਾਂ ਨਹੀਂ ਕਹਿੰਦੀਆਂ,ਉਨ੍ਹਾਂ ਨੇ ਕਿਸੇ ਦਖਲਜਾਂ ਸਿੱਧੀ ਵਿਚੋਲਗੀ ਤੋਂ ਇਨਕਾਰ ਕਰ ਦਿੱਤਾ ਸੀ।ਉਨ੍ਹਾਂ ਕਿਹਾ ਕਿ ਇਸ ਇੰਟਰਵਿਊ ਵਿੱਚ ਉਨ੍ਹਾਂ ਸਪੱਸ਼ਟ ਕਿਹਾ ਸੀ ਕਿ 'ਜਿੱਥੋਂ ਤੱਕ ਮੈਂ ਸਮਝਦਾ ਹਾਂ, ਉਹ ਇਹ ਹੈ ਕਿ ਖੇਤੀ ਕਾਨੂੰਨਾਂ ਨੂੰ ਕੁਝ ਕਿਸਾਨ ਆਗੂ18 ਮਹੀਨਿਆਂ ਲਈ ਅੱਗੇ ਪਾਉਣ ਲਈ ਸਹਿਮਤ ਹਨ, ਜਿਸ ਦੀ ਮਿਆਦ 24 ਮਹੀਨੇ ਤੱਕ ਵਧਾਈ ਜਾਣ ਦੀ ਸੰਭਾਵਨਾ ਹੋ ਸਕਦੀ ਹੈ।' ਉਨਾਂ ਨੇ ਉਸੇ ਇੰਟਰਵਿਊ ਦੌਰਾਨ ਇਹ ਕਿਹਾ ਸੀ ਕਿ ਜਿਸ



ਸਮਾਂ ਹੱਦ ਤੱਕ ਕਾਨੂੰਨਾਂ ਉੱਤੇ ਰੋਕ ਲਾਉਣ ਦੀ ਗੱਲ ਹੋ ਰਹੀ ਹੈ, ਉਹ ਪੱਖ ਸਰਕਾਰ ਅਤੇ ਕਿਸਾਨ ਯੂਨੀਅਨਾਂ ਵਿਚਾਲੇਲਗਾਤਾਰ ਚਰਚਾ ਦਾ ਵਿਸ਼ਾ ਹੈ। ਇਸ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਉਨਾਂ ਦਾ ਬਿਆਨ ਇਸ ਮੁੱਦੇ ਉੱਤੇਕੁਝ ਕਿਸਾਨ ਯੂਨੀਅਨਾਂ ਵੱਲੋਂ ਆਈ ਫੀਡਬੈਕ ਦੇ ਸੰਬੰਧ ਵਿੱਚ ਸੀ, ਜਿਸ ਨੂੰ ਤੋੜ-ਮਰੋੜ ਕੇ ਸਮਝੌਤੇ ਲਈ ਉਨਾਂ ਦਾ ਨਿੱਜੀ ਸੁਝਾਅ ਬਣਾ ਕੇ ਪੇਸ਼ ਕੀਤਾ ਗਿਆਅਤੇ ਉਨਾਂ ਦੇ ਪੂਰੇ ਬਿਆਨ ਦੀ ਥਾਂਖੇਤੀ ਕਾਨੂੰਨਾਂ ਦੀ 24 ਮਹੀਨਿਆਂ ਲਈ ਰੋਕ ਵਾਲੇ ਖਾਸ ਨੁਕਤੇ ਨੂੰ ਵੱਖਰੇ ਬਿਆਨ ਵਜੋਂ ਦਿਖਾਇਆ ਗਿਆ ਹੈ, ਜਿਹੜਾ ਕਿ ਤੱਥਾਂ ਤੋਂ ਉਲਟ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਨੀਤੀ ਆਯੋਗ ਦੇ ਵਾਈਸ ਚੇਅਰਮੈਨ ਰਾਜੀਵ ਕੁਮਾਰ ਦੇ ਦਾਅਵੇ ਉੱਤੇਵੀ ਹੈਰਾਨੀ ਜ਼ਾਹਰ ਕੀਤੀ ਕਿ ਕੱਲ੍ਹ ਹੋਈ ਨੀਤੀ ਆਯੋਗ ਦੀ ਛੇਵੀਂ ਗਵਰਨਿੰਗ ਕੌਂਸਲ ਦੀ ਮੀਟਿੰਗ ਵਿੱਚ ਕਿਸੇ ਨੇ ਖੇਤੀ ਕਾਨੂੰਨਾਂ ਬਾਰੇ ਗੱਲ ਨਹੀਂ ਕੀਤੀ। ਉਨਾਂ ਕਿਹਾ ਕਿ ਉਹ ਸਿਹਤ ਠੀਕ ਨਾ ਹੋਣ ਕਾਰਨ ਵਰਚੁਅਲ ਕਾਨਫਰੰਸ ਵਿੱਚਖੁਦ ਸ਼ਾਮਲ ਨਹੀਂ ਹੋ ਸਕੇ, ਪਰ ਵੀਰਵਾਰ ਨੂੰ ਨੀਤੀ ਆਯੋਗ ਨੂੰ ਸੌਂਪੇ ਉਨਾਂ ਦੇ ਭਾਸ਼ਣ ਵਿੱਚ ਖੇਤੀ ਕਾਨੂੰਨਾਂ ਦੇ ਮੁੱਦੇ ਨੂੰ ਸਪੱਸ਼ਟ ਤੌਰ ਉੱਤੇ ਉਭਾਰਿਆ ਗਿਆ ਸੀ, ਜਿਸ ਤੋਂ ਇਹ ਕਹਿਣਾ ਗਲਤ ਹੈ ਕਿ ਕਿਸੇ ਨੇ ਇਹ ਮੁੱਦਾ ਨਹੀਂ ਉਭਾਰਿਆ।

## ਮਮਤਾ ਦੇ ਭਤੀਜੇ ਵੱਲੋਂ ਦਾਇਰ ਮਾਣਹਾਨੀ ਕੇਸ ਵਿੱਚ ਅਮਿਤ ਸ਼ਾਹ ਨੂੰ ਪੇਸ਼ ਹੋਣ ਦਾ ਹੁਕਮ

ਕੋਲਕਾਤਾ, 21 ਫਰਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਇੱਕ ਵਿਸ਼ੇਸ਼ ਅਦਾਲਤ ਨੇ ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਅਭਿਸ਼ੇਕ ਬੈਨਰਜੀ ਵੱਲੋਂ ਦਾਇਰ ਮਾਣਹਾਨੀ ਕੇਸ ਵਿੱਚ ਕੱਲ੍ਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੰਮਨ ਜਾਰੀ ਕਰਕੇ 22 ਫਰਵਰੀ ਨੂੰ ਨਿੱਜੀ ਤੌਰ ਉੱਤੇ ਜਾਂ ਕਿਸੇ ਵਕੀਲ ਰਾਹੀਂ ਪੇਸ਼ ਹੋਣ ਲਈ ਕਿਹਾ ਹੈ। ਵਿੱਦਿਆਨਗਰ ਵਿੱਚਪਾਰਲੀਮੈਂਟਮੈਂਬਰਾਂ ਅਤੇ ਵਿਧਾਇਕਾਂ ਨਾਲ ਸਬੰਧਤ ਮਾਮਲਿਆਂ ਦੀ ਸੁਣਵਾਈ ਕਰਨ ਵਾਲੀ ਅਦਾਲਤ ਦੇ ਵਿਸ਼ੇਸ਼ ਜੱਜ ਨੇ ਹੁਕਮ ਦਿੱਤਾ ਕਿ ਅਮਿਤ ਸ਼ਾਹ ਦਾ ਉਸ ਦਿਨ ਸਵੇਰੇ 10 ਵਜੇ ਨਿੱਜੀ ਤੌਰ ਉੱਤੇ ਜਾਂ ਕਿਸੇ ਵਕੀਲ ਰਾਹੀਂ ਹਾਜ਼ਰ ਹੋਣਾ ਜ਼ਰੂਰੀ ਹੈ। ਅਭਿਸ਼ੇਕ ਬੈਨਰਜੀ ਦੇ ਵਕੀਲ ਸੰਜੇ ਬਾਸੂ ਨੇ ਇੱਕ ਪ੍ਰੈਸ ਨੋਟ ਵਿੱਚ ਦਾਅਵਾ ਕੀਤਾ ਹੈ ਕਿ ਅਮਿਤ ਸ਼ਾਹ ਨੇ 11 ਅਗਸਤ 2018 ਨੂੰ ਕੋਲਕਾਤਾ ਵਿੱਚ ਭਾਜਪਾ ਦੀ ਰੈਲੀ ਵਿੱਚਤ੍ਰਿਣਮੂਲ ਕਾਂਗਰਸ ਪਾਰਟੀ ਦੇ ਪਾਰਲੀਮੈਂਟ ਮੈਂਬਰ ਅਭਿਸ਼ੇਕ ਬੈਨਰਜੀ ਦੇ ਖ਼ਿਲਾਫ਼ ਇਤਰਾਜ਼ਯੋਗ ਬਿਆਨ ਦਿੱਤੇ ਸਨ।

# ਸਮੂਹਿਕ ਖੁਦਕੁਸ਼ੀ ਕੇਸ ਵਿੱਚ ਕਾਂਗਰਸ ਵਿਧਾਇਕ ਰਾਜਾ ਵੜਿੰਗ ਉੱਤੇ ਉਂਗਲ ਉਠੀ

*** ਮ੍ਰਿਤਕ ਦੀ ਪਤਨੀ ਨੇ ਬਿਆਨ ਦਰਜ ਕਰਵਾਏ**

ਫਰੀਦਕੋਟ, 21 ਫਰਵਰੀ, (ਪੋਸਟ ਬਿਊਰੋ)- ਇਸ ਸ਼ਹਿਰ ਦੇ ਨਰਾਇਣ ਨਗਰ ਵਿਚਬੀਤੀ 5 ਫ਼ਰਵਰੀ ਨੂੰਹੋਏ ਕਰਨ ਕਟਾਰੀਆ ਗੋਲੀਕਾਂਡ ਕੇਸ ਵਿਚ ਕਾਂਗਰਸ ਵਿਧਾਇਕ ਰਾਜਾ ਵੜਿੰਗ ਵੱਲ ਉਂਗਲ ਉੱਠੀ ਹੈ।

ਇਸ ਕਤਲ ਕੇਸ ਵਿੱਚ ਕਰਨ ਕਟਾਰੀਆ ਦੀ ਪਤਨੀ ਵੀ ਗੰਭੀਰ ਜ਼ਖਮੀ ਹੋਈ ਸੀ। ਕਈ ਦਿਨ ਨੀਮ ਬੇਹੋਸ਼ੀ ਦੀ ਹਾਲਤ ਵਿਚ ਰਹਿਣ ਪਿੱਛੋਂ ਹੋਸ਼ ਵਿੱਚ ਆਉਣ ਉੱਤੇ ਉਸ ਨੇ ਪੁਲਿਸ ਨੂੰ ਦਿੱਤੇ ਬਿਆਨ ਵਿਚ ਕਿਹਾ ਹੈ ਕਿ ਉਸਦਾ ਸਾਲ 2013 ਵਿਚ ਕਰਨ ਕਟਾਰੀਆ ਨਾਲ ਵਿਆਹ ਹੋਇਆ ਸੀ, ਜਿਸ ਤੋਂ ਉਸਦੇ ਦੋ ਬੱਚੇ ਇੱਕ ਲੜਕਾ ਅਤੇ ਇੱਕ ਲੜਕੀ ਹੋਏ ਸਨ। ਉਸ ਨੇ ਦੱਸਿਆ ਕਿ ਉਸਦਾ ਪਤੀ ਕਰਨ ਕਟਾਰੀਆ ਬਿਜਲੀ ਦੇ ਕੰਮਾਂ ਅਤੇ ਢੋਆ ਢੁਆਈ ਲਈ ਸਰਕਾਰੀ ਠੇਕੇਦਾਰੀ ਕਰਦਾ ਸੀ ਤੇ ਉਹ ਹੋਰ ਜ਼ਿਲਿਆਂ ਦੇ ਨਾਲ ਨਾਲ ਗਿੱਦੜਬਾਹਾ ਵਿਖੇ ਵੀ ਠੇਕੇਦਾਰੀ ਕਰਦਾ ਸੀ।ਗਿੱਦੜਬਾਹਾ ਵਿਖੇ ਠੇਕੇਦਾਰੀ ਕਰਨ ਵੇਲੇ ਉਸਦੇ ਪਤੀ ਦੀ ਜਾਣ-ਪਛਾਣਗਿੱਦੜਬਾਹਾ ਦੇ ਵਿਧਾਇਕ ਰਾਜਾ ਵੜਿੰਗ ਤੇ ਉਸਦੇ ਸਾਲੇ ਡਿੰਪੀ ਵਿਨਾਇਕ ਨਾਲ ਹੋਈ ਸੀ,



ਜਿਨ੍ਹਾਂ ਨੇ ਡਰਾ-ਧਮਕਾ ਕੇਉਸਦੇ ਪਤੀ ਦੇ ਕੰਮ ਵਿਚੋਂ ਹਿੱਸਾ ਲੈਣਾ ਸੁਰੂ ਕਰ ਦਿੱਤਾਤੇ ਫਿਰ ਲੱਖਾਂ ਰੁਪਏ ਉਸਦੇ ਪਤੀ ਤੋਂ ਲੈ ਲਏ। ਜਦੋਂ ਉਸਦਾ ਪਤੀ ਆਪਣੇ ਪੈਸੇ ਵਾਪਸ ਮੰਗਦਾ ਤਾਂ ਰਾਜਾ ਵੜਿੰਗ ਅਤੇ ਡਿੰਪੀ ਉਸਨੂੰ ਧਮਕੀਆਂ ਦਿੰਦੇ ਅਤੇ ਪਹਿਲਾਂ ਦਿੱਤੇ ਪੈਸੇ ਭੁੱਲ ਕੇ ਹੋਰ ਪੈਸੇ ਦੇਣ ਦਾ ਰਾਜਨੀਤਕ ਦਬਾਅ ਪਾਉਂਦੇ ਸਨ, ਜਿਸ ਤੋਂ ਤੰਗ ਆ ਕੇ ਉਸਦੇ ਪਤੀ ਨੇ 5 ਫ਼ਰਵਰੀ ਨੂੰ ਆਪਣੀ ਪਤਨੀ, ਬੱਚਿਆਂ ਅਤੇ ਆਪਣੇ ਆਪ ਨੂੰ ਗੋਲੀ ਮਾਰ ਲਈ ਸੀ। ਮ੍ਰਿਤਕ ਦੀ ਪਤਨੀ ਨੇ ਆਪਣੇ ਬਿਆਨਾਂ ਵਿਚ ਉਸ ਸਾਰੀ ਘਟਨਾਦੇ ਲਈਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਉਸਦੇ ਸਾਲੇ ਡਿੰਪੀ ਵਿਨਾਇਕ ਨੂੰ ਜ਼ਿਮੇਵਾਰ ਕਿਹਾ ਹੈ।

## ਖੇਤੀ ਕਾਨੂੰਨ ਰੱਦ ਕਰਨ ਲਈ ਸਾਬਕਾ ਸਿਵਲ ਤੇ ਫ਼ੌਜੀ ਅਫ਼ਸਰਾਂ ਵੱਲੋਂ ਰਾਸ਼ਟਰਪਤੀ ਨੂੰ ਚਿੱਠੀ

*** ਅੰਦੋਲਨ ਨੂੰ ਬਦਨਾਮ ਕਰਨ ਲਈ ਘੁਸਪੈਠ ਦਾ ਦੋਸ਼ ਲਾਇਆ**

ਚੰਡੀਗੜ੍ਹ, 21 ਫਰਵਰੀ (ਪੋਸਟ ਬਿਊਰੋ)- ਕਈ ਸੇਵਾਮੁਕਤ ਆਈ ਏ ਐਸ ਅਤੇ ਫ਼ੌਜੀ ਅਫ਼ਸਰਾਂ ਨੇ ਰਾਸ਼ਟਰਪਤੀ ਦੇ ਨਾਂ ਇੱਕ ਖੁੱਲ੍ਹਾ ਖੱਤ ਲਿਖ ਕੇ ਮੋਦੀ ਸਰਕਾਰ ਵੱਲੋਂ ਬਣਾਏ ਤਿੰਨੇ ਨਵੇਂ ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਕੀਤੀ ਅਤੇ ਕਿਹਾ ਹੈ ਕਿ ਇਹ ਮਸਲਾ ਹੱਲ ਕਰਨ ਦੇ ਸਭਰਸਤੇ ਪੱਖਪਾਤੀ ਹੋਣ ਕਾਰਨ ਲੱਗਭਗ ਅਸਫ਼ਲ ਹੋਏ ਹਨ ਤੇ ਇਸੇ ਲਈ ਦਖ਼ਲ ਦੇਣ ਦੀ ਬੇਨਤੀ ਕੀਤੀ ਗਈ ਹੈ। ਇਨ੍ਹਾਂ ਅਫਸਰਾਂ ਨੇ ਕਿਹਾ ਕਿ ਸੱਚ ਨੂੰ ਦਬਾਇਆ ਨਹੀਂ ਜਾ ਸਕਦਾ।

ਨਾਮਣੇ ਵਾਲੇ ਸਿਵਲ ਅਤੇ ਫੌਜ ਦੇ ਸਾਬਕਾ ਅਫਸਰਾਂ ਨੇ ਕਿਹਾ ਹੈ ਕਿ ਇਹ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਦਿੱਲੀ ਦੇ ਤਿੰਨ ਬਾਰਡਰਾਂ ਉੱਤੇਚੱਲ ਰਿਹਾ ਕਿਸਾਨ ਅੰਦੋਲਨ ਸਿਰਫ਼ ਇੱਕ ਸੂਬੇ ਦਾ ਹੈ,ਜਦ ਕਿ ਪੱਛਮੀ ਉਤਰ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਤੋਂ ਇਸ ਅੰਦੋਲਨ ਵਿੱਚ ਸ਼ਾਮਲ ਵੱਡੀ ਗਿਣਤੀ ਲੋਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਇਹ ਅੰਦੋਲਨ ਸਮੁੱਚੇ ਦੇਸ਼ ਦਾ ਹੈ। ਇਨ੍ਹਾਂ ਅਫਸਰਾਂ ਨੇ ਕਿਹਾ ਕਿ 26 ਜਨਵਰੀ ਦੀ ਘਟਨਾ ਨਿੰਦ ਯੋਗ ਹੈ, ਪਰ ਸ਼ਰਮ ਦੀ ਗੱਲ ਹੈ ਕਿ ਲਾਲ ਕਿਲ੍ਹੇ ਦੇ ਇਕੱਲੇ ਗੇਟ ਦੀ ਸੁਰੱਖਿਆ ਪੁਲਸ ਨਹੀਂ ਕਰ ਸਕੀ, ਆਖਰ ਇਸ ਰਾਸ਼ਟਰੀ ਸ਼ਰਮ ਲਈ ਕੌਣ ਜ਼ਿੰਮੇਵਾਰ ਹੈ? ਉਨ੍ਹਾਂ ਕਿਹਾ ਕਿ ਇਸ ਬਹਾਨੇ ਸ਼ਾਂਤਮਈ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਅਫਸਰਾਂ ਨੇ ਕਿਹਾ ਹੈ ਕਿ ਬਹੁ-ਗਿਣਤੀ ਸਮਾਜ ਦੇ ਕੁਝ ਸ਼ਰਾਰਤੀ ਲੋਕ ਦਿੱਲੀ ਪੁਲਸ ਨੂੰ ਇਹ ਉਕਸਾਉਂਦੇ ਹੋਏ ਸੁਣੇ ਅਤੇ ਵੇਖੇ ਗਏ ਹਨ ਕਿ ਉਹ ਡਾਂਗਾਂ ਵਰ੍ਹਾਏ ਅਤੇ ਉਹ (ਸ਼ਰਾਰਤੀ ਲੋਕ) ਪੁਲਸ ਦੇ ਨਾਲ ਹਨ। ਇਹ 1984 ਵਿੱਚ ਸਿੱਖਾਂ ਉੱਤੇ ਹੋਏ ਤਸ਼ੱਦਦ ਦੀ ਯਾਦ ਦਿਵਾਉਂਦਾ ਹੈ। ਸਾਬਕਾ ਅਫ਼ਸਰਾਂ ਨੇ ਮੰਗ ਕੀਤੀ ਹੈ ਕਿ ਇਸ ਕਾਂਡ ਦੀ ਉਚ ਪੱਧਰੀ ਜਾਂਚ ਹੋਣੀ ਚਾਹੀਦੀ ਅਤੇ ਬੇਕਸੂਰ ਲੋਕਾਂ ਉੱਤੇ ਦਰਜ ਕੇਸ ਰੱਦ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂਰਾਸ਼ਟਰਪਤੀ ਤੋਂ ਮੰਗ ਕੀਤੀ ਹੈ ਕਿ ਉਹ ਕੇਂਦਰ ਸਰਕਾਰ ਨੂੰ ਇਹ ਸਲਾਹ ਦੇਣ ਕਿ ਅੰਦੋਲਨਕਾਰੀ ਕਿਸਾਨਾਂ ਨੂੰ ਖ਼ਾਲਿਸਤਾਨੀ, ਦੰਗਾਕਾਰ ਜਾਂ ਅੰਦੋਲਨ-ਜੀਵੀ ਦੇ ਨਾਂਅ ਦੇਣ ਤੋਂ ਗੁਰੇਜ਼ ਕਰੇ ਤੇ ਜ਼ਿੱਦ ਛੱਡ ਕੇ ਖੇਤੀ ਬਿਲ ਵਾਪਸ ਲੈ ਕੇ ਖੁੱਲ੍ਹੇ ਵਿਚਾਰਾਂ ਨਾਲ ਕਿਸਾਨਾਂ ਨਾਲ ਗੱਲਬਾਤ ਕਰ ਕੇ ਨਵੇਂ ਸਿਰੇ ਤੋਂ ਕਾਨੂੰਨਾਂ ਉੱਤੇ ਵਿਚਾਰ ਕਰਨ ਦੀ ਸੋਚੇ।

# ਚੀਨ ਦੇ ਅੱਠ ਲੜਾਕੂ ਜਹਾਜ਼ ਤਾਈਵਾਨੀ ਸਰਹੱਦ ਵਿੱਚ ਦਾਖਲ ਹੋਏ



ਬੀਜਿੰਗ , 21 ਫਰਵਰੀ (ਪੋਸਟ ਬਿਊਰੋ)- ਦੁਨੀਆ ਭਰ ਦੇ ਕਈ ਦੇਸ਼ਾਂ ਨਾਲ ਦੁਸ਼ਮਣੀ ਰੱਖਦੇ ਚੀਨ ਵੱਲੋਂ ਵਾਰ-ਵਾਰ ਤਾਈਵਾਨ ਵਿੱਚ ਆਪਣੀ ਤਾਕਤ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਤਾਈਵਾਨ 'ਚ ਅਮਰੀਕੀ ਟਰੇਂਡ ਰੱਖਿਆ ਮੰਤਰੀ ਦੀ ਨਿਯੁਕਤੀ ਕੀਤੇ ਜਾਣ ਤੋਂ ਘਾਬਰੇ ਚੀਨ ਨੇ ਆਪਣੀ ਖਿੱਝ ਕੱਢੀ ਹੈ ਅਤੇ ਸ਼ੁੱਕਰਵਾਰ ਨੂੰ ਅੱਠ ਚੀਨੀ ਲੜਾਕੂ ਜਹਾਜ਼ਾਂ ਨੇ ਤਾਈਵਾਨ ਦੇ ਏਅਰ ਸਪੇਸ ਵਿੱਚ ਦਾਖਲ ਹੋਣ ਦੀ ਜ਼ਿਆਦਤੀ ਕੀਤੀ ਹੈ।

ਤਾਈਵਾਨ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਚਾਰ ਚੀਨੀ ਜੇ-16 ਅਤੇ ਚਾਰ ਜੇ ਐਚ-7 ਦੇ ਨਾਲ ਹੀ ਇੱਕ ਇਲੈਕਟ੍ਰੋਨਿਕ ਜੰਗੀ ਜਹਾਜ਼, ਦੱਖਣੀ ਚੀਨੀ ਸਾਗਰ ਦੇ ਉਪਰਲੇ ਹਿੱਸੇ 'ਚ ਤਾਈਵਾਨ-ਕੰਟਰੋਲ ਪ੍ਰਤਾਸ ਆਈਲੈਂਡ ਨੇੜੇ, ਆਪਣੇ ਅਕਾਸ਼ ਦੇ ਦੱਖਣੀ-ਪੱਛਮੀ ਖੇਤਰ ਵਿੱਚ ਉਡਦੇ ਦਿਖਾਈ ਪਏ। ਇਸ ਘੁਸਪੈਠ ਦੀ ਜਾਣਕਾਰੀ ਹੁੰਦੇ ਹੀ ਤਾਈਵਾਨ ਦੀ ਹਵਾਈ ਫੌਜ ਨੇ ਉਨ੍ਹਾਂ ਦਾ ਪਿੱਛਾ ਕੀਤਾ ਤੇ ਰੇਡੀਓ ਚਿਤਾਵਨੀ ਜਾਰੀ ਕੀਤੀ। ਇਸ ਦੇ ਬਾਅਦ ਤਾਈਵਾਨ ਨੇ ਇਲਾਕੇ ਵਿੱਚ ਨਿਗਰਾਨੀ ਲਈ ਏਅਰ ਡਿਫੈਂਸ ਸਿਸਟਮ ਤੈਨਾਤ ਕਰ ਦਿੱਤਾ।

ਪਿਛਲੇ ਕੁਝ ਮਹੀਨਿਆਂ ਵਿੱਚ ਚੀਨ ਨੇ ਤਾਈਵਾਨ ਦੇ ਨੇੜੇ ਆਪਣੀ ਫੌਜੀ ਸਰਗਰਮੀ ਵਧਾਈ ਹੈ। ਲੋਕਤੰਤਰਿਕ ਤਾਈਵਾਨ 'ਤੇ ਚੀਨ ਆਪਣਾ ਦਾਅਵਾ ਪ੍ਰਗਟਾਉਂਦਾ ਹੈ। ਚੀਨ ਦਾ ਕਹਿਣਾ ਹੈ ਕਿ ਤਾਈਵਾਨ ਉਸ ਦਾ ਖੇਤਰ ਹੈ ਅਤੇਇੱਕ ਦਿਨ ਉਸ ਨੂੰ ਮੁੱਖ ਜ਼ਮੀਨ ਨਾਲ ਮਿਲਾ ਲਿਆ ਜਾਏਗਾ।

ਵਰਨਣ ਯੋਗ ਹੈ ਕਿ ਤਾਈਵਾਨ ਨੇ ਕੁਝ ਦਿਨ ਪਹਿਲਾਂ ਆਪਣੇ ਰੱਖਿਆ ਵਿਭਾਗ 'ਚ ਵੱਡਾ ਫੇਰਬਦਲ ਕੀਤਾ ਹੈ। ਤਾਈਵਾਨ ਨੇ ਫੌਜ ਦੇ ਆਧੁਨਿਕੀਕਰਨ ਤੇ ਖੁਫੀਆ ਤੰਤਰ ਮਜ਼ਬੂਤ ਕਰਨ ਲਈ ਅਮਰੀਕਾ ਵਿੱਚ ਟਰੇਂਡ ਰੱਖਿਆ ਮੰਤਰੀ ਦੀ ਨਿਯੁਕਤੀ ਕੀਤੀ ਹੈ।ਤਾਈਵਾਨ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿਇਸ ਤੋਂ ਪਹਿਲਾਂ ਵੀ ਸੱਤ ਫਰਵਰੀ ਨੂੰ ਇੱਕ ਚੀਨੀ ਵਾਈ-8 ਟੋਹੀ ਜਹਾਜ਼ ਤਾਈਵਾਨ ਦੇ ਹਵਾਈ ਰੱਖਿਆ ਪਛਾਣ ਖੇਤਰ ਦੇ ਦੱਖਣੀ-ਪੱਛਮੀ ਹਿੱਸੇ ਵਿੱਚ ਆਇਆ ਸੀ। ਫੋਕਸ ਤਾਈਵਾਨ ਨੇ ਸੂਚਨਾ ਦਿੱਤੀ ਕਿ ਚੀਨੀ ਜਹਾਜ਼ ਤਾਈਵਾਨ ਅਤੇ ਡੋਂਗਸ਼ਾ ਆਈਲੈਂਡ ਗਰੁੱਪ ਵਿਚਾਲੇ ਹਵਾਈ ਖੇਤਰ ਵਿੱਚ ਦਾਖਲ ਹੋਇਆ, ਜੋ ਦੱਖਣੀ ਚੀਨ ਸਾਗਰ ਵਿੱਚ ਤਾਈਵਾਨ ਦੇ ਕੰਟਰੋਲ ਹੇਠ ਹੈ। ਮੰਤਰਾਲੇ ਨੇ ਕਿਹਾ ਕਿ ਤਾਈਵਾਨੀ ਫੌਜ ਨੇ ਓਦੋਂ ਤੱਕ ਚੀਨੀ ਫਾਈਟਰ ਜੈਟ ਦਾ ਆਪਣੇ ਫਾਈਟਰ ਜੈਟ ਨਾਲ ਪਿੱਛਾ ਕੀਤਾ, ਜਦੋਂ ਤੱਕ ਉਹ ਸਰਹੱਦ ਨੂੰ ਛੱਡ ਕੇ ਭੱਜ ਨਹੀਂ ਗਏ।

# ਕਲੱਬ ਕਬਾਨਾ ਉੱਤੇ ਈ ਡੀ ਰੇਡ ਦਾ ਸੰਬੰਧ ਨੀਦਰਲੈਂਡ ਨਾਲ ਜੁੜਿਆ

ਜਲੰਧਰ, 21 ਫਰਵਰੀ (ਪੋਸਟ ਬਿਊਰੋ)- ਫਗਵਾੜਾ ਨੇੜੇ ਜੀ ਟੀ ਰੋਡ ਉੱਤੇ ਚੱਲਦੇ ਹੋਟਲ ਕਲੱਬ ਕਬਾਨਾ ਵਿੱਚ ਮਨੀ ਲਾਂਡਰਿੰਗ ਦੇ ਦੋਸ਼ ਵਿੱਚ ਰੇਡ ਕਰਨ ਲਈ ਦਿੱਲੀ ਤੋਂ ਆਈ ਇਨਫੋਸਰਮੇਂਟ ਡਾਇਰੈਕਟੋਰੇਟ (ਈ ਡੀ) ਦੀ ਸਪੈਸ਼ਲ ਟੀਮ ਨੇ ਕਰੀਬ 40 ਲੱਖ ਰੁਪਏ ਦਾ ਕੈਸ਼ ਕਬਜ਼ੇ ਵਿੱਚ ਲਿਆ ਸੀ। ਇਸ ਮੌਕੇ ਈ ਡੀ ਨੇ ਕਲਬ ਦੇ ਕੁਝ ਮੋਬਾਈਲ ਫੋਨ ਵੀ ਜਬਤ ਕੀਤੇ ਹਨ, ਜਿਨ੍ਹਾਂ ਦੀ ਜਾਂਚ ਦੇ ਬਾਅਦ ਬਲੈਕ-ਮਨੀ ਦੇ ਕਈ ਰਾਜ਼ ਖੁੱਲ੍ਹ ਸਕਦੇ ਹਨ।

ਮਿਲੀ ਜਾਣਕਾਰੀ ਅਨੁਸਾਰ ਦਿੱਲੀ ਤੋਂ ਰੇਡ ਕਰਨ ਆਈ ਸਪੈਸ਼ਲ ਈ ਡੀ ਟੀਮ ਨੇ ਕੱਲ੍ਹ ਇਸ ਕਲੱਬ ਤੋਂ ਬਰਾਮਦ ਕੀਤਾ ਕੈਸ਼ ਆਪਣੇ ਵਿਭਾਗ ਵਿੱਚ ਜਮ੍ਹਾ ਕਰਵਾ ਦਿੱਤਾ ਅਤੇ ਬਰਾਮਦ ਕੀਤੇ ਮੋਬਾਈਲ ਵਿੱਚ ਲਿੰਕ ਅਤੇ ਮੈਸੇਜ ਦੀ ਜਾਂਚ ਕੀਤੀ ਜਾ ਰਹੀ ਹੈ। ਈ ਡੀ ਇਹ ਮੰਨਦੀ ਹੈ ਕਿ ਏਥੋਂ ਮਿਲੇ ਮੋਬਾਈਲ ਫੋਨਾਂਤੋਂ ਮੈਸੇਜ ਡਿਲੀਟ ਕੀਤੇ ਗਏ ਹੋਣਗੇ, ਇਸ ਲਈ ਇਨ੍ਹਾਂ ਦੀ ਫੋਰੇਂਸਿਕ ਜਾਂਚ ਕਰਵਾਈ ਜਾਵੇਗੀ ਤਾਂਕਿ ਡਿਲੀਟ ਕੀਤੇ ਮੈਸੇਜ ਰਿਕਵਰ ਕੀਤੇ ਜਾ ਸਕਣ। ਅਸਲ ਵਿੱਚ ਈ ਡੀ ਨੂੰ ਸ਼ੱਕ ਹੈ ਕਿ ਇਨ੍ਹਾਂ ਮੈਸੇਜਿਜ਼ ਤੋਂ ਨੀਦਰਲੈਂਡ ਤੋਂ ਚੱਲਦੇ ਨੇਟਵਰਕ ਬਾਰੇ ਇਨਪੁਟ ਮਿਲ ਸਕਦੇ ਹਨ। ਈ ਡੀ ਇਹ ਜਾਂਚ ਜਲਦੀ ਪੂਰੀ ਕਰੇਗੀ ਕਿਉਂਕਿ ਕਲੱਬ ਨਾਲ ਜੁੜੇ ਲੋਕ ਅਦਾਲਤ ਤੋਂ ਅਗੇਤੀ ਜ਼ਮਾਨਤ ਲੈਣ ਦੀ ਕੋਸ਼ਿਸ਼ ਕਰ ਸਕਦੇ ਹਨ, ਜਿਸ ਨਾਲ ਜਾਂਚ ਟੀਮ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

ਵਰਨਣ ਯੋਗ ਹੈ ਕਿ ਦਿੱਲੀ ਤੋਂ ਆਈ ਵਿਸ਼ੇਸ਼ਈ ਡੀ ਟੀਮ ਨੇ ਸਥਾਨਿਕ ਈ ਡੀ ਦਫਤਰ ਦੇ ਸਹਿਯੋਗ ਨਾਲ ਜੀ ਟੀ ਰੋਡ ਉੱਤੇ ਕਲੱਬ ਕਬਾਨਾ ਵਿੱਚ ਰੇਡ ਕੀਤੀ ਤਾਂ ਕਰੀਬ ਅੱਠ ਘੰਟੇ ਓਥੇ ਰਹੀ। ਇਸ ਦੌਰਾਨ ਇਸ ਟੀਮ ਨੇ ਡਾਕੂਮੈਂਟ ਅਤੇ ਕੰਪਊਟਰ ਦੀ ਹਾਰਡ ਡਿਸਕ ਕਬਜ਼ੇ ਵਿੱਚ ਲੈ ਗਈ ਸੀ। ਕਲੱਬ ਨਾਲ ਜੁੜੇ ਮਨੋਜ ਚੋਡਾ ਅਤੇ ਅਨਿਲ ਚੋਡਾ ਅਤੇ ਇਨ੍ਹਾਂ ਦੇ ਨੀਦਰਲੈਂਡ ਵਾਲੇ ਪਾਰਟਰ ਦੇ ਹਰ ਲਿੰਕ ਨੂੰ ਈ ਡੀ ਟੀਮ ਜਾਂਚ ਦੇ ਦਾਇਰੇ ਵਿੱਚ ਰੱਖ ਰਹੀ ਹੈ।

ਪਤਾ ਲੱਗਾ ਹੈ ਕਿ ਭਾਰਤ ਨੂੰ ਨੀਦਰਲੈਂਡ ਤੋਂ ਕਲੱਬ ਕਬਾਨਾ ਨਾਲ ਜੁੜੇ ਇੱਕ ਪਾਰਟਨਰ ਨੇ 25 ਕਰੋੜ ਤੋਂ ਵੱਧ ਦੀ ਰਕਮ ਭੇਜੀ ਸੀ, ਜਿਸ ਦੀ ਇੱਕ ਇੰਟਰੀ ਬਾਰ ਜਾਂਚ ਦੇ ਬਾਅਦ ਸ਼ੱਕ ਪਿਆ ਸੀ। ਇਸ ਤੋਂ ਬਾਅਦ ਸ਼ੁਰੂ ਕੀਤੀ ਗਈ ਜਾਂਚ ਵਿੱਚ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ। ਕਲਬ ਦਾ ਇੱਕ ਪਾਟਨਰ ਨੀਦਰਲੈਂਡ ਵਿੱਚ ਸੀ, ਪਰ ਉਹ ਵੀ ਉਥੋਂ ਦਾ ਆਪਣਾ ਕਾਰੋਬਾਰ ਸਮੇਟ ਚੁਕੇ ਹਨ, ਜਿਸ ਨਾਲ ਸ਼ੱਕ ਹੋਰ ਵਧ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



# ਉਨਾਉ ਵਿੱਚ ਤਿੰਨ ਕੁੜੀਆਂ ਦੀ ਮੌਤ ਦੇ ਕੇਸ ਵਿੱਚ ਦੋ ਜਣੇ ਗ੍ਰਿਫ਼ਤਾਰ



ਉਨਾਓ, 21 ਫਰਵਰੀ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਪੁਲਸ ਨੇ ਕੱਲ੍ਹ ਉਨਾਓ ਜ਼ਿਲੇ ਦੇ ਇੱਕ ਪਿੰਡ ਵਿੱਚ ਦੋ ਨਬਾਲਿਗ ਲੜਕੀਆਂ ਦੇ ਮੌਤ ਦੇ ਕੇਸ ਵਿੱਚ ਦੋ ਜਣਿਆਂ ਨੂੰ ਹਿਰਾ-ਸਤ ਵਿੱਚ ਲਿਆ ਹੈ।

ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਇਸ ਕਤਲ ਕੇਸ ਵਿੱਚ ਵਿਨੇ ਕੁਮਾਰ ਉਰਫ਼ ਲੰਬੂ ਅਤੇ ਇੱਕ ਨਬਾਲਿਗ ਨੂੰ ਹਿਰਾਸਤ ਵਿੱਚ ਲਿਆ ਹੈ। ਪੁਲਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਇਹ ਇੱਕਪਾਸੜ ਪਿਆਰ ਦਾ ਮਾਮਲਾ ਜਾਪਦਾ ਹੈ। ਲਖਨਾਊ ਰੇਂਜ ਦੇ ਆਈ ਜੀ ਲਕਸ਼ਮੀ ਸਿੰਘ ਨੇ ਦੱਸਿਆ ਕਿ ਦੋਸ਼ੀ ਵਿਨੇ ਨੇ ਪੁੱਛਗਿੱਛ ਦੌਰਾਨ ਮੰਨਿਆ ਹੈ ਕਿ ਉਹ ਤਾਲਾਬੰਦੀਦੌਰਾਨ ਖੇਤਾਂ ਵਿੱਚ ਆਉਣ-ਜਾਣ ਸਮੇਂ ਹੁੰਦੇ ਮੇਲ-ਮਿਲਾਪ ਵਿੱਚ ਇਨ੍ਹਾਂ ਲੜਕੀਆਂ ਵਿੱਚੋਂ ਇੱਕ ਨੂੰ ਪਿਆਰ ਕਰਨ ਲੱਗ ਗਿਆ ਸੀ, ਪਰ ਜਦੋਂ ਉਸ ਨੇ ਲੜਕੀ ਨੂੰ ਪੇਸ਼ਕਸ਼ ਕੀਤੀ ਤਾਂ ਉਸ ਨੇ ਇਨਕਾਰ ਕਰ ਦਿੱਤਾ। ਉਸ ਨੇ ਕਤਲ ਦੇ ਦਿਨ ਲੜਕੀਆਂ ਨੂੰ ਖਾਣ-ਪੀਣ ਦੇ ਸਾਮਾਨ ਨਾਲ ਕੀਟਨਾਸ਼ਕ ਮਿਲਾਇਆਹੋਇਆ ਪਾਣੀ ਪਿਆ ਦਿੱਤਾ ਸੀ, ਜਿਸ ਨਾਲ ਉਨ੍ਹਾਂ ਦੇ ਬੇਹੋਸ਼ ਹੋਣ ਉੱਤੇ ਮਾਰ ਦਿੱਤਾ ਸੀ। ਪੁਲਸ ਨੇ ਦੋਸ਼ੀਆਂ ਖ਼ਿਲਾਫ਼ ਕਤਲ ਸਮੇਤ ਵੱਖ-ਵੱਖ ਧਰਾਵਾਂ ਦਾ ਕੇਸ ਦਰਜ ਕਰ ਲਿਆ ਹੈ। ਇਸ ਦੌਰਾਨ ਕੱਲ੍ਹ ਅਸੋਹਾ ਥਾਣੇਦੇ ਬਾਬੂਹਾਰਾ ਪਿੰਡ ਦੀਆਂ ਦੋ ਨਬਾਲਿਗ ਲੜਕੀਆਂ ਦਾ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਵਰਨਣ ਯੋਗ ਹੈ ਕਿ ਖੇਤਾਂ ਵਿੱਚ ਪਸ਼ੂਆਂ ਲਈ ਚਾਰਾ ਲੈਣ ਗਈਆਂ 14, 15 ਅਤੇ 16 ਸਾਲ ਦੀਆਂ ਲੜਕੀਆਂ ਵਿੱਚੋਂ ਦੋ ਦੀ ਮੌਤ ਹੋ ਗਈ ਸੀ ਅਤੇ ਬੇਹੋਸ਼ੀ ਦੀ ਹਾਲਤ ਵਿੱਚਮਿਲੀ 16 ਸਾਲਾਂ ਲੜਕੀ ਦਾ ਹਸਪਤਾਲ ਵਿੱਚ ਇਲਾਜ਼ ਜਾਰੀ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
BOBBY SIDHU
partner
(Serving the Community for Over 16 yrs.)
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਵਿਸ਼ਵ ਦੇ ਨੰਬਰ ਇਕ ਖਿਡਾਰੀ ਨੋਵਾਕ ਜੋਕੋਵਿਕ ਨੇ ਆਸਟ੍ਰੇਲੀਅਨ ਓਪਨ ਨੌਵੀਂ ਵਾਰ ਜਿੱਤਿਆ



ਮੈਲਬੌਰਨ, 21 ਫਰਵਰੀ, (ਪੋਸਟ ਬਿਊਰੋ)- ਸੰਸਾਰ ਦੇ ਨੰਬਰ ਵੰਨ ਖਿਡਾਰੀ ਨੋਵਾਕ ਜੋਕੋਵਿਕ ਨੇ ਆਸਟ੍ਰੇਲੀਅਨ ਗਰੈਂਡ ਸਲੈਮ ਵਿਚ ਆਪਣਾ ਦਬਦਬਾ ਕਾਇਮ ਰੱਖਦੇ ਹੋਏ ਐਤਵਾਰ ਨੂੰ ਇੱਥੇਹੋਏ ਨੌਂਵੀਂ ਵਾਰ ਮਰਦ ਸਿੰਗਲਜ਼ ਫਾਈਨਲਜ਼ ਵਿਚ ਡੇਨਿਲ ਮੇਦਵੇਦੇਵ ਨੂੰ ਹਰਾ ਕੇ ਨੌਵੀਂ ਵਾਰ ਖ਼ਿਤਾਬ ਇਹ ਜਿੱਤ ਲਿਆ ਹੈ। ਜੋਕੋਵਿਕ ਨੇ ਇਸ ਦੇ ਨਾਲ ਹੀ 18ਵਾਂ ਗਰੈਂਡ ਸਲੈਮ ਦਾ ਖ਼ਿਤਾਬ ਜਿੱਤ ਕੇ ਰੋਜਰ ਫੈਡਰਰ ਅਤੇ ਰਾਫੇਲ ਨਡਾਲ ਦੇ ਮਰਦ ਸਿੰਗਲਜ਼ ਵਿਚ ਰਿਕਾਰਡ 20 ਗਰੈਂਡ ਸਲੈਮ ਖ਼ਿਤਾਬ ਦੀ ਬਰਾਬਰੀ ਕਰਨ ਵੱਲ ਕਦਮ ਵਧਾਏ ਹਨ।

ਆਸਟ੍ਰੇਲੀਅਨ ਗਰੈਂਡ ਸਲੈਮ ਦੇ ਫਾਈਨਲ ਵਿਚ ਜੋਕੋਵਿਕ ਨੇ ਜ਼ੋਰਦਾਰ ਸਰਵਿਸ ਤੇ ਰਿਟਰਨ ਦੇਣ ਤੋਂ ਇਲਾਵਾ ਬੇਸਲਾਈਨ ਉੱਤੇ ਦਬਦਬਾ ਬਣਾਉਂਦੇ ਹੋਏ ਮੇਦਵੇਦੇਵ ਨੂੰ 7-5, 6-2, 6-2 ਨਾਲ ਸਿੱਧੇ ਸੈੱਟਾਂ ਵਿਚ ਮਾਤ ਦੇਂਦੇ ਹੋਏ ਮੈਲਬੌਰਨ ਪਾਰਕ ਵਿਚ ਲਗਾਤਾਰ ਤੀਸਰੇ ਖ਼ਿਤਾਬ ਵਾਲਾ ਇਹ ਮੈਚ ਇਕ ਘੰਟੇ 53 ਮਿੰਟ ਵਿਚ ਜਿੱਤ ਲਿਆ।

ਸਰਬੀਆਈ ਖਿਡਾਰੀ ਜੋਕੋਵਿਕ ਦੇ ਦਬਦਬੇ ਦਾ ਅੰਦਾਜ਼ਾ ਏਥੋਂ ਲਾਇਆ ਜਾ ਸਕਦਾ ਹੈ ਕਿ ਇਕ ਸਮੇਂ ਉਨ੍ਹਾਂ ਨੇ 13 ਵਿਚੋਂ 11 ਗੇਮਾਂ ਜਿੱਤ ਕੇ ਮੈਚ ਵਿਚ ਆਪਣੀ ਪਕੜ ਮਜ਼ਬੂਤ ਕੀਤੀ। ਦੂਸਰੇ ਸੈੱਟ ਤੱਕ ਹੀ ਜੋਕੋਵਿਕ ਦੇ ਦਬਦਬੇ ਨੇ ਮੇਦਵੇਦੇਵ ਨੂੰ ਨਿਰਾਸ਼ ਕਰ ਦਿੱਤਾ ਤੇ ਉਹ ਵਾਰ-ਵਾਰ ਹੱਥ ਚੁੱਕ ਕੇ ਆਪਣੇ ਕੋਚ ਵੱਲ ਦੇਖ ਰਹੇ ਸਨ, ਜਿਵੇਂ ਪੁੱਛਦੇ ਹੋਣ ਕਿ ਮੈਂ ਇੱਥੇ ਕੀ ਕਰ ਸਕਦਾ ਹਾਂ? ਪਹਿਲੇ ਸੈੱਟ ਵਿਚ ਮੇਦਵੇਦੇਵ ਥੋੜ੍ਹਾ ਬਹੁਤ ਸੰਘਰਸ਼ ਕਰ ਸਕੇ ਅਤੇ ਸੈੱਟ ਨੂੰ ਟਾਈ ਬ੍ਰੇਕਰ ਵਿਚ ਲੈ ਗਏ ਸਨ, ਪਰ ਜੋਕੋਵਿਕ ਨੇ ਤੀਸਰੇ ਸੈੱਟ ਪੁਆਇੰਟ ਉੱਤੇ ਪਹਿਲਾ ਸੈੱਟ ਜਿੱਤ ਲਿਆ। ਇਸ ਤੋਂ ਬਾਅਦ ਜੋਕੋਵਿਕ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਦੂਸਰਾ ਤੇ ਤੀਸਰਾ ਸੈੱਟ ਜਿੱਤ ਕੇ ਖ਼ਿਤਾਬੀ ਜਿੱਤ ਹਾਸਲ ਕੀਤੀ।

33 ਸਾਲਾ ਜੋਕੋਵਿਕ ਨੇ ਆਸਟ੍ਰੇਲੀਅਨ ਓਪਨ ਦੇ ਸੈਮੀਫਾਈਨਲ ਤੇ ਫਾਈਨਲ ਵਿਚ ਆਪਣੇ ਸਾਰੇ 18 ਮੁਕਾਬਲੇ ਜਿੱਤੇ ਹਨ। ਉਸ ਨੇ ਪਿਛਲੇ 10 ਵਿਚੋਂ ਛੇ ਮੇਜਰ ਟੂਰਨਾਮੈਂਟਜਿੱਤੇ ਹਨ, ਜਿਸ ਨਾਲ ਘੱਟੋ-ਘੱਟ ਅੱਠ ਮਾਰਚ ਤਕ ਉਨ੍ਹਾਂ ਦਾ ਦੁਨੀਆ ਦਾ ਨੰਬਰ ਇਕ ਖਿਡਾਰੀ ਬਣੇ ਰਹਿਣਾ ਪੱਕਾ ਹੋ ਗਿਆ ਹੈ। ਇਸ ਦੇ ਨਾਲ ਉਹ 311 ਹਫਤਿਆਂ ਤਕ ਚੋਟੀ ਉੱਤੇ ਰਹਿਣਗੇ ਅਤੇ ਫੈਡਰਰ ਦਾ ਰਿਕਾਰਡ ਤੋੜ ਦੇਣਗੇ। ਇਸ ਸਟੇਡੀਅਮ ਵਿਚ ਇਸ ਟੂਰਨਾਮੈਂਟ ਵੇਲੇ ਗਰੈਂਡ ਸਲੈਮ ਚੈਂਪੀਅਨ ਫੈਡਰਰ, ਨਡਾਲ, ਐਂਡੀ ਮਰੇ, ਸਟੇਨ ਵਾਵਰਿੰਕਾ, ਡੋਮੀਨਿੰਕ ਥਿਏਮ ਨੂੰ ਵੀ ਏਦਾਂ ਦੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਹੈ, ਜਿਨ੍ਹਾਂ ਨੂੰ ਜੋਕੋਵਿਕ ਨੇ ਮੈਲਬੌਰਨ ਵਿਚ ਸੈਮੀਫਾਈਨਲ ਜਾਂ ਫਾਈਨਲ ਵਿਚ ਹਰਾਇਆ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਰਣਜੀਤ ਸਰਾਂਵਾਲੀ ਦਾ ਗ਼ਜ਼ਲ ਸੰਗ੍ਰਹਿ 'ਸ਼ੀਸ਼ੇ ਦੀ ਅੱਖ' ਲੋਕ ਅਰਪਣ



ਮੋਗਾ, 21 ਫਰਵਰੀ (ਗਿਆਨ ਸਿੰਘ):
ਸਾਹਿਤ ਧਾਰਾ ਮੋਗਾ ਵਲੋਂ ਪ੍ਰਸਿੱਧ ਗ਼ਜ਼ਲਗੋ ਰਣਜੀਤ ਸਰਾਂਵਾਲੀ ਦੇ ਨਵੇਂ ਗ਼ਜ਼ਲ ਸੰਗ੍ਰਹਿ "ਸ਼ੀਸ਼ੇ ਦੀ ਅੱਖ" ਨੂੰ ਲੋਕ ਅਰਪਣ ਕਰਨ ਲਈ ਸੰਖੇਪ ਪਰ ਪ੍ਰਭਾਵਸ਼ਾਲੀ ਸਮਾਗਮ ' ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰਸਿਧ ਨਾਵਲਕਾਰ ਤੇ ਵਿਅੰਗਕਾਰ ਕੇ.ਐਲ. ਗਰਗ, ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਸ਼ਾਇਰ ਬੂਟਾ ਸਿੰਘ ਚੌਹਾਨ, ਇਨਕਲਾਬੀ ਸ਼ਾਇਰ ਮਹਿੰਦਰ ਸਾਥੀ ਅਤੇ ਲੋਕ ਸਾਹਿਤ ਅਕਾਡਮੀ ਮੋਗਾ ਦੇ ਸਾਬਕਾ ਪ੍ਰਧਾਨ ਤੇ ਉੱਘੇ ਆਲੋਚਕ ਡਾ. ਸੁਰਜੀਤ ਬਰਾੜ ਨੇ ਕੀਤੀ।

ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਮੰਚ ਸੰਚਾਲਨ ਕਰਦਿਆਂ ਰਣਜੀਤ ਸਰਾਂਵਾਲੀ ਦੀ ਸ਼ਾਇਰੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸਤੋਂ ਪਹਿਲਾਂ ਉਹ "ਪਾਣੀ ਉੱਤੇ ਮੀਨਾਕਾਰੀ" ਨਾਂ ਦੀ ਪੁਸਤਕ ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਭੇਟ ਕਰ ਚੁੱਕਾ ਹੈ। ਰਣਜੀਤ ਸਰਾਂਵਾਲੀ ਨੂੰ ਇਸ ਪਹਿਲੀ ਹੀ ਪੁਸਤਕ ਉੱਪਰ ਭਾਰਤੀ ਸਾਹਿਤ ਅਕਾਦਮੀ ਵਲੋਂ ਪੁਰਸਕਾਰ ਮਿਲ ਜਾਣ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਸਦੀ ਸ਼ਾਇਰੀ ਨੂੰ ਹਰ ਪੱਧਰ ਉੱਪਰ ਪ੍ਰਵਾਨਗੀ ਪ੍ਰਾਪਤ ਹੋਈ ਹੈ।

ਪ੍ਰਸਿੱਧ ਸ਼ਾਇਰ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਰਣਜੀਤ ਸਰਾਂਵਾਲੀ ਦੀ ਸ਼ਾਇਰੀ ਲੋਕ ਪੀੜਾ ਨੂੰ ਪੇਸ਼ ਕਰਨ ਵਾਲੀ ਸ਼ਾਇਰੀ ਹੈ। ਉਹੀ ਸ਼ਾਇਰ ਲੋਕਾਂ ਵਿੱਚ ਪ੍ਰਵਾਨ ਹੁੰਦਾ ਹੈ ਜਿਹੜਾ ਸਰਕਾਰੀ ਪੁਰਸਕਾਰਾਂ ਦੀ ਝਾਕ ਛੱਡ ਕੇ ਸਮਾਜ ਦੇ ਪੀੜਤ ਵਰਗਾਂ ਨਾਲ ਖੜਾ ਹੋਵੇ।

ਕੇ ਐਲ ਗਰਗ ਨੇ ਸਰਾਂਵਾਲੀ ਨੂੰ ਸੂਖਮ ਭਾਵਨਾਵਾਂ ਵਾਲਾ ਸੁਚੇਤ ਸ਼ਾਇਰ ਕਿਹਾ। ਅਮਰ ਸੂਫੀ ਨੇ ਆਖਿਆ ਕਿ ਲਗਾਤਾਰ ਅਧਿਐਨ ਕਰਦੇ ਰਹਿਣ ਕਰਕੇ ਸਰਾਂਵਾਲੀ ਦੀ ਸ਼ਾਇਰੀ ਵਿੱਚ ਪਰਿਪੱਕਤਾ ਆਈ ਹੈ। ਮਹਿੰਦਰ ਸਾਥੀ ਅਨੁਸਾਰ ਰਣਜੀਤ ਸਰਾਂਵਾਲੀ ਦੀ ਸ਼ਾਇਰੀ ਵਿੱਚ ਇਤਿਹਾਸ, ਮਿਥਿਹਾਸ ਅਤੇ ਸਭਿਆਚਾਰ ਦੀ ਖ਼ੂਬਸੂਰਤ ਪੇਸ਼ਕਾਰੀ ਹੁੰਦੀ ਹੈ। ਗੁਰਮੇਲ ਸਿੰਘ ਚੰਦ ਨਵਾਂ ਨੇ ਰਣਜੀਤ ਨੂੰ ਪ੍ਰਤੀਬੱਧ ਸ਼ਾਇਰ ਕਿਹਾ ਜੋ ਲਗਾਤਾਰ ਲੋਕਾਂ ਅਤੇ ਆਪਣੀ ਮਿੱਟੀ ਨਾਲ ਜੁੜਿਆ ਰਹਿੰਦਾ ਹੈ।

ਲੋਕ ਸਾਹਿਤ ਅਕਾਡਮੀ ਮੋਗਾ ਦੀ ਮੀਤ ਪ੍ਰਧਾਨ ਤੇ ਪ੍ਰਸਿੱਧ ਸ਼ਾਇਰਾ ਬੇਅੰਤ ਕੌਰ ਗਿੱਲ ਨੇ ਕਿਹਾ ਕਿ ਰਣਜੀਤ ਸਰਾਂਵਾਲੀ ਮੋਗੇ ਦਾ ਹੀ ਨਹੀਂ ਪੂਰੇ ਪੰਜਾਬ ਦਾ ਮਾਣ ਹੈ , ਜਿਸਨੇ ਆਪਣੀ ਸ਼ਾਇਰੀ ਰਾਹੀਂ ਨਵੀਆਂ ਪੈੜਾਂ ਪਾਈਆਂ ਹਨ। ਜਾਗੀਰ ਖੋਖਰ, ਕ੍ਰਿਸ਼ਨ ਪਰਤਾਪ ਨਾਵਲਕਾਰ ਅਤੇ ਦੀਪ ਦਿਲਦਾਰ ਨੇ ਰਣਜੀਤ ਸਰਾਂਵਾਲੀ ਦੀ ਪੁਸਤਕ "ਸ਼ੀਸ਼ੇ ਦੀ ਅੱਖ" ਵਿਚਲੀਆਂ ਗ਼ਜ਼ਲਾਂ ਵਿੱਚ ਪਾਈ ਜਾਂਦੀ ਰਾਜਨੀਤਕ ਚੇਤਨਾ ਦੀ ਸ਼ਲਾਘਾ ਕੀਤੀ।

ਮੈਨੇਜਿੰਗ ਡਾਇਰੈਕਟਰ, ਕਰਵ ਇਮੀਗਰੇਸ਼ਨ ਅਤੇ ਨੌਜਵਾਨ ਸ਼ਾਇਰ ਗੁਰਪ੍ਰੀਤ ਧਰਮਕੋਟ ਨੇ ਰਣਜੀਤ ਸਰਾਂਵਾਲੀ ਦੀ ਗ਼ਜ਼ਲ ਤਰੰਨਮ ਵਿਚ ਪੇਸ਼ ਕਰਕੇ ਵਾਹ ਵਾਹ ਖੱਟੀ। ਅਜੀਤਪਾਲ ਸਿੰਘ ਜੀਤੀ ਨੇ ਕਿਹਾ ਕਿ ਸਾਹਿਤਕਾਰਾਂ ਨੂੰ ਸਰਕਾਰੀ ਐਵਾਰਡਾਂ ਮਗਰ ਦੌੜਨ ਦੀ ਬਿਜਾਏ ਲੋਕਾਂ ਨਾਲ ਸਾਂਝ ਪਕੇਰੀ ਕਰਨੀ ਚਾਹੀਦੀ ਹੈ। ਰਣਜੀਤ ਸਰਾਂਵਾਲੀ ਨੇ ਆਪਣੀਆਂ ਚੋਣਵੀਆਂ ਗ਼ਜ਼ਲਾਂ ਸੁਣਾਈਆਂ। ਹਾਜ਼ਰ ਸਾਹਿਤਕਾਰਾਂ ਨੇ ਪੁਸਤਕ "ਸ਼ੀਸ਼ੇ ਦੀ ਅੱਖ" ਲੋਕ ਅਰਪਣ ਕੀਤੀ ਤੇ ਵਿਸ਼ਵਾਸ਼ ਜਤਾਇਆ ਕਿ ਲੇਖਕ ਲੋਕਾਂ ਨਾਲ ਜੁੜਿਆ ਰਹੇਗਾ। ਧਾਮੀ ਗਿਲ ਨੇ ਧੰਨਵਾਦ ਕੀਤਾ।

# ਪੱਤੋਂ ਵਿਖੇ ਮਾਤਾ ਭਾਸ਼ਾ ਦਿਵਸ ਮਨਾਇਆ

ਨਿਹਾਲ ਸਿੰਘ ਵਾਲਾ, 21 ਫਰਵਰੀ (ਗਿਆਨ ਸਿੰਘ) : ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੇ ਸੱਦੇ ' ਤੇ ਪਿੰਡ ਪੱਤੋ ਹੀਰਾ ਸਿੰਘ ਵਿਖੇ ਪੰਜਾਬੀ ਪਿਆਰਿਆਂ ਵੱਲੋਂ ਮਾਤਾ ਭਾਸ਼ਾ ਦਿਵਸ ਮਨਾਇਆ ਗਿਆ।

ਏਥੇ ਰਾਜਵਿੰਦਰ ਰੌਂਤਾ ਦੀ ਅਗਵਾਈ ਹੇਠ ਜਾਗਰੂਕਤਾ ਲੜੀ ਤਹਿਤ ਪ੍ਰਸ਼ੋਤਮ ਪੱਤੋਂ, ਮੰਗਲਮੀਤ ਪੱਤੋਂ ਨੇ ਮਾਤ ਭਾਸ਼ਾ ਬਾਰੇ ਵਿਚਾਰ ਰੱਖੇ। ਇਸ ਸਮੇਂ ਬਲਜੀਤ ਗਰੇਵਾਲ,ਸੁਤੰਤਰ ਰਾਏ, ਗੁਰਮੀਤ ਖਾਈ ,ਯਸ਼ ਪੱਤੋ, ਹਰਪ੍ਰੀਤ ਪੱਤੋ, ਤਾਰਾ ਚੰਦ, ਨਵਦੀਪ ਪੱਤੋ, ਮਨਪ੍ਰੀਤ ਘਾਰੂ, ਅਮਰਿੰਦਰ ਮਾਨ, ਨਵਦੀਪ ਪੱਤੋ ,ਦਵਿੰਦਰ ਹਿਤਕਾਰੀ, ਜੱਸੀ ਰੱਲੜ ਆਦਿ ਸਾਹਿਤਕਾਰ ਤੇ ਮਾਂ ਬੋਲੀ ਦੇ ਹਿਤੈਸ਼ੀਆਂ ਨੇ ਹੱਥਾਂ ਵਿੱਚ ਤਖਤੀਆਂ ਫੜ ਕੇ ਮਾਂ ਬੋਲੀ ਨੂੰ ਸਮਰਪਿਤ ਸਤਰਾਂ ਲਿਖ ਕੇ ਮਾਤ ਭਾਸ਼ਾ ਪੰਜਾਬੀ ਨੂੰ ਲਿਖਣ ਤੇ ਬੋਲਣ ਲਈ ਪ੍ਰੇਰਿਤ ਕੀਤਾ।



ਪੱਤੋ ਹੀਰਾ ਸਿੰਘ ਵਿਖੇ ਮਾਤ ਭਾਸ਼ਾ ਦਿਵਸ ਮਨਾਉਣ ਸਮੇਂ ਪੰਜਾਬੀ ਪਿਆਰੇ।

# ਮੌੜ ਮੰਡੀ ਕੇਸ ਵਾਲੇ ਚਾਰ ਨਾਬਾਲਗ ਮ੍ਰਿਤਕਾਂ ਦੇ ਵਾਰਸਾਂ ਨੂੰ ਸਰਕਾਰ ਨੌਕਰੀ ਦੇਵੇਗੀ

ਚੰਡੀਗੜ੍ਹ, 21 ਫਰਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ 31 ਜਨਵਰੀ 2017 ਨੂੰ ਹੋਏ ਮੌੜ ਮੰਡੀ ਬੰਬ ਧਮਾਕੇ ਵਿਚ ਮਾਰੇ ਗਏ ਚਾਰ ਨਾਬਾਲਿਗਾਂ ਦੇ ਪਰਵਾਰਕ ਮੈਂਬਰਾਂ ਜਾਂ ਵਾਰਸਾਂ ਵਿੱਚੋਂ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਫੈਸਲਾ ਕੀਤਾ ਹੈ। ਇਸਦੇ ਲਈ ਨਿਯਮਾਂ ਵਿੱਚ ਵਿਸ਼ੇਸ਼ ਪ੍ਰਬੰਧ ਕਰਨ ਦੀ ਮੰਜ਼ੂਰੀ ਦੇ ਦਿੱਤੀ ਹੈ।

ਕੱਲ੍ਹ ਪੰਜਾਬ ਕੈਬਨਿਟ ਦੀ ਬੈਠਕ ਵਿੱਚ ਫੈਸਲਾ ਲਿਆ ਗਿਆ ਕਿ ਮ੍ਰਿਤਕ ਜਪਸਿਮਰਨ ਸਿੰਘ ਪੁੱਤਰ ਖੁਸ਼ਦੀਪ ਸਿੰਘ (15 ਸਾਲ), ਸੌਰਵ ਸਿੰਗਲਾ ਪੁੱਤਰ ਰਾਕੇਸ਼ ਕੁਮਾਰ(15 ਸਾਲ), ਅੰਕੁਸ਼ ਪੁੱਤਰ ਗਿਆਨ ਚੰਦ(15 ਸਾਲ) ਅਤੇ ਨੌਂ ਸਾਲਾ ਰਿਪਨੀਦਪ ਸਿੰਘ ਪੁੱਤਰ ਕਾਲਾ ਸਿੰਘ ਦੇ ਪਰਵਾਰਾਂ ਵਿੱਚੋਂ ਇੱਕ-ਇੱਕ ਮੈਂਬਰ ਨੂੰ ਉਨ੍ਹਾਂ ਦੀ ਵਿਦਿਅਕ ਯੋਗਤਾ ਦੇ ਮੁਤਾਬਕ ਤਰਸ ਦੇ ਆਧਾਰ ਉੱਤੇ ਨੌਕਰੀ ਦੇਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਨਾਬਾਲਿਗ ਮ੍ਰਿਤਕ ਦੇ ਸੰਬੰਧ ਵਿੱਚ ਮੌਜੂਦਾ ਨਿਯਮ ਤਰਸ ਦੇ ਆਧਾਰ ਉੱਤੇ ਸਰਕਾਰੀ ਨੌਕਰੀ ਦੇਣਾ ਨਹੀਂ ਮੰਨਦੇ। ਮੰਤਰਮੰਡਲ ਦੇ ਫੈਸਲੇ ਨਾਲ ਹਰਮ੍ਰਿਤਕ ਦੇ ਵਾਰਸਾਂ ਨੂੰ ਵਿਸ਼ੇਸ਼ ਕੇਸ ਵਜੋਂ ਖਾਲੀ ਪੋਸਟਾਂ ਉੱਤੇ ਬਠਿੰਡਾ ਜਾ ਇਸ ਦੇ ਨਾਲ ਦੇ ਜ਼ਿਲ੍ਹਿਆਂ ਵਿੱਚ ਉਨ੍ਹਾਂ ਦੀ ਵਿਦਿਅਕ ਯੋਗਤਾ ਦੇ ਮੁਤ-ਾਬਿਕ ਨੌਕਰੀ ਦੇਣ ਲਈ ਸੰਬੰਧਿਤ ਨਿਯਮਾਂ ਵਿੱਚ ਛੋਟ ਦੇ ਦਿੱਤੀ ਗਈ ਹੈ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

ਨੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best





EXCLUSIVE FOR SALE IN WOODSTOCK
CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'



CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'
FOR SALE
EXCLUSIVE
JAMES C
KAMAL SANDHU RE/MAX GOLD REALTY INC BROKERAGE

# ਸ਼ਹਿਰੀ ਚੋਣਾਂ ਦੇ ਨਤੀਜਿਆਂ ਨੇ ਸਿਆਸੀ ਧਿਰਾਂ ਨੂੰ ਸੋਚਣ ਲਾ ਦਿੱਤੈ



ਜਤਿੰਦਰ ਪੰਨੂ

ਪੰਜਾਬ ਵਿੱਚ ਲੋਕਤੰਤਰੀ ਪ੍ਰਕਿਰਿਆ ਹੇਠ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਵਾਸਤੇ ਪਿਛਲੇ ਚੌਦਾਂ ਫਰਵਰੀ ਨੂੰ ਵੋਟਾਂ ਪੈਣ ਅਤੇ ਸਤਾਰਾਂ ਨੂੰ ਨਤੀਜੇ ਨਿਕਲਣ ਨਾਲ ਕਈ ਕੁਝ ਸਾਫ ਹੋ ਗਿਆ ਹੈ। ਇਸ ਚੋਣ ਬਾਰੇ ਕਿਹਾ ਗਿਆ ਸੀ ਕਿ ਅਗਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਵੇਲੇ ਲੋਕਾਂ ਨੇ ਜਦੋਂ ਪੰਜ ਸਾਲ ਰਾਜ ਕਰਨ ਵਾਲੀ ਸਰਕਾਰ ਚੁਣਨੀ ਹੈ, ਉਨ੍ਹਾਂ ਚੋਣਾਂ ਲਈ ਇਹ ਇੱਕ ਤਰ੍ਹਾਂ ਦਾ ਸੈਮੀ-ਫਾਈਨਲ ਸੀ। ਪੰਜਾਬ ਦੇ ਅੱਠ ਵੱਡੇ ਸ਼ਹਿਰਾਂ ਦੇ ਲਈ ਮਿਉਂਸਪਲ ਕਾਰਪੋਰੇਸ਼ਨਾਂ ਤੇ ਇੱਕ ਸੌ ਨੌਂ ਛੋਟੇ ਸ਼ਹਿਰਾਂ, ਕਸਬਿਆਂ ਅਤੇ ਵੱਡੇ ਪਿੰਡਾਂ ਲਈ ਚੋਣ ਹੋਈ ਹੋਵੇ ਤਾਂ ਇਸ ਨੂੰ ਸੈਮੀ-ਫਾਈਨਲ ਕਹਿਣਾ ਗਲਤ ਨਹੀਂ ਹੈ। ਨਤੀਜੇ ਨਿਕਲੇ ਤਾਂ ਕਾਂਗਰਸ ਪਾਰਟੀ ਦੀ ਵੱਡੀ ਜਿੱਤ ਹੋਈ ਅਤੇ ਸਿਆਸਤ ਦੇ ਮੈਦਾਨ ਵਿੱਚ ਇਸ ਦਾ ਬਦਲ ਬਣਨ ਦੀਆਂ ਚਾਹਵਾਨ ਤਿੰਨੇ ਮੁੱਖ ਸਿਆਸੀ ਧਿਰਾਂ ਆਪਣੀ ਹਾਰ ਦਾ ਕਾਰਨ ਦੱਸਣ ਦੇ ਲਈ ਬਹਾਨੇ ਭਾਲ ਰਹੀਆਂ ਹਨ। ਆਪਣੀ ਹਾਰ ਦੇ ਅਸਲੀ ਕਾਰਨਾਂ ਦਾ ਉਨ੍ਹਾਂ ਨੂੰ ਵੀ ਪਤਾ ਹੈ, ਪਰ ਜਿਵੇਂ ਉਹ ਤਿੰਨੇ ਧਿਰਾਂ ਆਪੋ-ਆਪਣੀ ਹਾਰ ਦੇ ਅਸਲੀ ਕਾਰਨ ਨਹੀਂ ਮੰਨਦੀਆਂ ਅਤੇ ਹੋਰ ਬਹਾਨੇ ਭਾਲਦੀਆਂ ਫਿਰਦੀਆਂ ਹਨ, ਇਸੇ ਤਰ੍ਹਾਂ ਕਾਂਗਰਸ ਵੀ ਆਪਣੀ ਜਿੱਤ ਦੇ ਅਸਲ ਕਾਰਨ ਨਹੀਂ ਦੱਸਦੀ ਅਤੇ ਆਪਣੀ ਹਰਮਨ-ਪਿਆਰਤਾ ਦੀ ਡੁਗਡੁਗੀ ਵਜਾ ਕੇ ਖੁਸ਼ ਹੋਣਾ ਚਾਹੁੰਦੀ ਹੈ।

ਵੱਡੇ ਅੱਠ ਸ਼ਹਿਰਾਂ ਵਿੱਚੋਂ ਕਿਸੇ ਇੱਕ ਵਿੱਚ ਵੀ ਵਿਰੋਧੀ ਧਿਰ ਦੀ ਕਿਸੇ ਪਾਰਟੀ ਦੇ ਪੈਰ ਨਹੀਂ ਲੱਗ ਸਕੇ ਤੇ ਇਨ੍ਹਾਂ ਸਾਰੇ ਸ਼ਹਿਰਾਂ ਵਿੱਚ ਕਾਂਗਰਸ ਏਨੀ ਭਾਰੂ ਸਾਬਤ ਹੋਈ ਕਿ ਸੱਤਾਂ ਵਿੱਚ ਉਸ ਕੋਲ ਸਿੱਧੀ ਬਹੁ-ਗਿਣਤੀ ਅਤੇ ਅੱਠਵੇਂ ਵਿੱਚ ਸਭ ਤੋਂ ਵੱਡੀ ਪਾਰਟੀ ਹੋਣ ਕਾਰਨ ਆਜ਼ਾਦ ਵੀ ਉਸ ਨਾਲ ਆਣ ਜੁੜੇ ਹਨ। ਸਾਫ ਹੈ ਕਿ ਸਾਰੇ ਸ਼ਹਿਰਾਂ ਵਿੱਚ ਮੇਅਰ ਇਸ ਵਾਰੀ ਇਕੱਲੀ ਕਾਂਗਰਸ ਪਾਰਟੀ ਦੇ ਬਣਨਗੇ। ਪੰਜਾਬ ਦੀ ਭਾਜਪਾ ਦੇ ਪ੍ਰਧਾਨ ਅਸ਼ਵਨੀ ਕੁਮਾਰ ਦੇ ਸ਼ਹਿਰ ਪਠਾਨਕੋਟ ਦੀ ਮਿਉਂਸਪਲ ਕਾਰਪੋਰੇਸ਼ਨ ਵਿੱਚ ਵੀ ਕਾਂਗਰਸ ਅਠੱਤੀ ਸੀਟਾਂ ਜਿੱਤ ਗਈ ਅਤੇ ਭਾਜਪਾ ਨੂੰ ਮਸਾਂ ਗਿਆਰਾਂ ਮਿਲੀਆਂ ਹਨ, ਜਦ ਕਿ ਇੱਕ ਸੀਟ ਅਕਾਲੀ ਦਲ ਜਿੱਤਿਆ ਹੈ। ਹੁਸ਼ਿਆਰਪੁਰ ਵਿੱਚ ਕਾਂਗਰਸ ਪੰਜਾਹ ਵਿੱਚੋਂ ਇਕਤਾਲੀ ਸੀਟਾਂ ਜਿੱਤਣ ਵਿੱਚ ਸਫਲ ਰਹੀ ਤੇ ਭਾਜਪਾ ਨੂੰ ਸਿਰਫ ਚਾਰ ਸੀਟਾਂ ਮਿਲੀਆਂ ਹਨ। ਏਥੇ ਭਾਜਪਾ ਦੇ ਸਾਬਕਾ ਮੰਤਰੀ ਤੀਕਸ਼ਣ ਸੂਦ ਦੀ ਪਤਨੀ ਵੀ ਹਾਰ ਗਈ, ਭਾਜਪਾ ਦੇ ਸਾਬਕਾ ਕੇਂਦਰੀ ਮੰਤਰੀ ਸਾਂਪਲਾ ਦੇ ਵਾਰਡ ਵਿੱਚ ਵੀ ਭਾਜਪਾ ਜਿੱਤ ਨਾ ਸਕੀ ਤੇ ਕਈ ਰਾਜਾਂ ਦੇ ਭਾਜਪਾ ਇੰਚਾਰਜ ਅਵਿਨਾਸ਼ ਖੰਨਾ ਦੇ ਵਾਰਡ ਤੋਂ ਵੀ ਭਾਜਪਾ ਉਮੀਦਵਾਰ ਹਾਰ ਗਿਆ ਹੈ। ਇਸ ਪਾਰਟੀ ਵੱਲੋਂ ਖੜੋਤੇ ਜ਼ਿਲਾ ਪੱਧਰ ਦੇ ਕਈ ਅਹੁਦੇਦਾਰ ਵੀ ਨਹੀਂ ਜਿੱਤੇ ਤਾਂ ਕਾਰਨ ਸਾਫ ਹੈ ਕਿ ਕਿਸਾਨ ਸੰਘਰਸ਼ ਦੌਰਾਨ ਇਸ ਪਾਰਟੀ ਦੇ ਪੰਜਾਬ ਵਾਲੇ ਲੀਡਰਾਂ ਨੇ ਜਿਵੇਂ ਆਪਣੀ ਕੇਂਦਰੀ ਲੀਡਰਸ਼ਿਪ ਨੂੰ ਖੁਸ਼ ਕਰਨ ਲਈ ਕੁੜੱਤਣ ਫੈਲਾਉਂਦੇ ਬਿਆਨ ਦਾਗਣ ਦਾ ਕੰਮ ਕੀਤਾ ਸੀ, ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ ਬਿਲਕੁਲ ਹੀ ਪਸੰਦ ਨਹੀਂ ਕੀਤਾ। ਭਾਜਪਾ ਦੇ ਆਗੂਆਂ ਵਿੱਚੋਂ ਜਿਨ੍ਹਾਂ ਨੂੰ ਸਮਝ ਪੈ ਗਈ ਕਿ ਇਸ ਵਾਰੀ ਪੰਜਾਬ ਦੇ ਲੋਕ ਇਸ ਪਾਰਟੀ ਨਾਲ ਨਾਰਾਜ਼ ਹਨ, ਉਨ੍ਹਾਂ ਵਿੱਚੋਂ ਕਈ ਇਸ ਪਾਰਟੀ ਵੱਲੋਂ ਟਿਕਟ ਲੈ ਕੇ ਵੀ ਆਜ਼ਾਦ ਉਮੀਦਵਾਰ ਬਣ ਕੇ ਚੋਣ ਲੜੇ ਤੇ ਸਾਰੀ ਚੋਣ ਦੌਰਾਨ ਭਾਜਪਾ ਦਾ ਜ਼ਿਕਰ ਤੱਕ ਨਹੀਂ ਸੀ ਕਰ ਰਹੇ, ਉਹ ਫਿਰ ਵੀ ਹਾਰ ਗਏ। ਕਾਰਨ ਇਹ ਸੀ ਕਿ ਉਹ ਜਿੰਨਾ ਮਰਜ਼ੀ ਲੁਕਾਉਂਦੇ ਰਹੇ, ਆਮ ਲੋਕਾਂ ਨੂੰ ਉਨ੍ਹਾਂ ਦਾ ਸਾਰਾ ਪਤਾ ਸੀ ਕਿ ਇਹ ਉਮੀਦਵਾਰ ਜਿੱਤ ਗਿਆ ਤਾਂ ਕੱਲ੍ਹ ਨੂੰ ਨਰਿੰਦਰ ਮੋਦੀ ਦੀ ਅਗਵਾਈ ਦੀ ਜਿੱਤ ਹੀ ਕਹੇਗਾ।



ਆਮ ਆਦਮੀ ਪਾਰਟੀ ਪਹਿਲੀ ਸਥਿਤੀ ਨੂੰ ਸੁਧਾਰਨ ਵਿੱਚ ਕਾਮਯਾਬ ਰਹੀ ਹੈ, ਪਰ ਪੰਜਾਬ ਦੀ ਇੱਕ ਵੀ ਸ਼ਹਿਰੀ ਸੰਸਥਾ ਵਿੱਚ ਆਪਣਾ ਪ੍ਰਧਾਨ ਚੁਣ ਸਕਣ ਦਾ ਮਾਣ ਨਹੀਂ ਖੱਟ ਸਕੀ। ਇਸ ਦੇ ਪੰਜਾਬ ਦੇ ਪ੍ਰਧਾਨ ਦੀ ਦੋ ਵਾਰ ਜਿੱਤੀ ਲੋਕ ਸਭਾ ਸੀਟ ਅਤੇ ਜਿਨ੍ਹਾਂ ਹਲਕਿਆਂ ਵਿੱਚ ਇਸ ਪਾਰਟੀ ਦੇ ਵਿਧਾਇਕ ਬੈਠੇ ਹਨ, ਉਨ੍ਹਾਂ ਵਿੱਚ ਵੀ ਪਾਰਟੀ ਤੋਂ ਜਿਸ ਤਰ੍ਹਾਂ ਦੀ ਕਾਰਗੁਜ਼ਾਰੀ ਦੀ ਆਸ ਸੀ, ਓਨੀ ਉਹ ਨਹੀਂ ਵਿਖਾ ਸਕੇ। ਇਸ ਨਾਲ ਪਾਰਟੀ ਨੂੰ ਸੋਚਣਾ ਪੈਣਾ ਹੈ ਕਿ ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਸ ਨੂੰ ਕੀ ਕੁਝ ਕਰਨ ਦੀ ਲੋੜ ਹੈ ਤੇ ਇਹ ਵੀ ਕਿ ਦਿੱਲੀ ਤੋਂ ਇਸ ਪਾਰਟੀ ਦੀ ਲੀਡਰਸ਼ਿਪ ਜਿਹੜੇ ਤਜਰਬੇ ਕਰ ਰਹੀ ਹੈ, ਉਹ ਪੰਜਾਬ ਵਿੱਚ ਪਾਰਟੀ ਦਾ ਭਵਿੱਖ ਸੁਧਾਰਨ ਵਾਲੇ ਨਹੀਂ। ਪਹਿਲਾਂ ਇੱਕ ਸਾਊ ਆਦਮੀ ਜਰਨੈਲ ਸਿੰਘ ਨੂੰ ਪੰਜਾਬ ਦਾ ਇੰਚਾਰਜ ਲਾਇਆ ਅਤੇ ਫਿਰ ਉਸ ਨਾਲ ਸਹਾਇਕ ਇੰਚਾਰਜ ਇਹੋ ਜਿਹਾ ਵਿਅਕਤੀ ਲਾ ਦਿੱਤਾ, ਜਿਸ ਦੇ ਅੰਦਰੋਂ ਲੀਡਰੀ ਦੀ ਖਾਹਿਸ਼ ਉਬਾਲੇ ਖਾ ਕੇ ਬਾਹਰ ਨੂੰ ਨਿਕਲਦੀ ਅਤੇ ਬਾਕੀ ਸਾਰਿਆਂ ਦੇ ਪੈਰ ਮਿੱਧਣ ਦਾ ਪ੍ਰਭਾਵ ਦੇਂਦੀ ਹੈ। ਉਸ ਦੀ ਇਸ ਤਰ੍ਹਾਂ ਦੀ ਪੇਸ਼ਕਾਰੀ ਇਸ ਪਾਰਟੀ ਦਾ ਕੁਝ ਸੰਵਾਰਨ ਦੀ ਥਾਂ ਪਾਰਟੀ ਦੇ ਲਈ ਭਵਿੱਖ ਵਿੱਚ ਮੁਸ਼ਕਲਾਂ ਪੈਦਾ ਕਰਨ ਦਾ ਕਾਰਨ ਬਣ ਸਕਦੀ ਹੈ, ਜਿਸ ਬਾਰੇ ਲੀਡਰਸ਼ਿਪ ਨੂੰ ਸੋਚਣਾ ਪਵੇਗਾ।

ਇਸ ਤੋਂ ਪਹਿਲਾਂ ਕਿ ਆਪਣੇ ਆਪ ਨੂੰ ਕਾਂਗਰਸ ਦਾ ਬਦਲ ਦੱਸ ਕੇ ਖੁਸ਼ ਹੁੰਦੇ ਅਕਾਲੀ ਆਗੂਆਂ ਦਾ ਜ਼ਿਕਰ ਕੀਤਾ ਜਾਵੇ, ਇੱਕ ਗੱਲ ਇਨ੍ਹਾਂ ਚੋਣਾਂ ਬਾਰੇ ਹੋਰ ਕਰਨੀ ਬਣਦੀ ਹੈ। ਗਿਆਨੀ ਜ਼ੈਲ ਸਿੰਘ ਦੇ ਰਾਜ ਵੇਲੇ ਪੰਜਾਬ ਦੀ ਵਿਧਾਨ ਸਭਾ ਵਿੱਚ ਕਮਿਊਨਿਸਟਾਂ ਦੇ ਗਿਆਰਾਂ ਮੈਂਬਰ ਹੁੰਦੇ ਸਨ, ਅਗਲੀ ਵਾਰੀ ਦੋਂਹ ਪਾਰਟੀਆਂ ਦੇ ਮਿਲਾ ਕੇ ਪੰਦਰਾਂ ਜਣੇ ਹੋ ਗਏ ਤੇ ਓਦੋਂ ਅਗਲੀ ਵਾਰੀ ਚੌਦਾਂ ਜਿੱਤੇ ਸਨ, ਪਰ ਪਿਛਲੀਆਂ ਚਾਰ ਕੁ ਵਾਰੀਆਂ ਤੋਂ ਕੋਈ ਵੀ ਨਹੀਂ ਜਿੱਤ ਸਕਿਆ। ਸ਼ਹਿਰਾਂ ਦੇ ਲਈ ਤਾਜ਼ਾ ਚੋਣਾਂ ਵਿੱਚ ਪੰਜਾਬ ਵਿੱਚ ਕਿਸੇ ਵੀ ਥਾਂ ਉਹ ਕੋਈ ਸੀਟ ਨਹੀਂ ਜਿੱਤ ਸਕੇ, ਪਰ ਮਾਨਸਾ ਜ਼ਿਲੇ ਵਿਚਲੇ ਜੋਗਾ ਕਸਬੇ ਵਿੱਚ ਉਨ੍ਹਾਂ ਨੇ ਤੇਰਾਂ ਵਿੱਚੋਂ ਬਾਰਾਂ ਸੀਟਾਂ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਆਜ਼ਾਦੀ ਲਹਿਰ ਦੌਰਾਨ ਪਰਜਾ ਮੰਡਲ ਲਹਿਰ ਦੇ ਮੋਹਰੀ ਆਗੂ ਕਾਮਰੇਡ ਜਗੀਰ ਸਿੰਘ ਜੋਗਾ ਦੇ ਇਸ ਪਿੰਡ ਦੀ ਚੋਣ ਵਿੱਚ ਸੀ ਪੀ ਆਈ ਉਮੀਦਵਾਰਾਂ ਦੀ ਇਸ ਸ਼ਾਨਦਾਰ ਜਿੱਤ ਦੇ ਕਈ ਅਰਥ ਨਿਕਲੇ ਹਨ, ਜਿਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਇਨ੍ਹਾਂ ਦਾ ਆਧਾਰ ਅਜੇ ਵੀ ਕਾਇਮ ਹੈ। ਕਿਸਾਨਾਂ ਦੇ ਸੰਘਰਸ਼ ਦੌਰਾਨ ਖੱਬੇ ਪੱਖੀਆਂ ਦੀ ਸਰਗਰਮੀ ਜਿਸ ਤਰ੍ਹਾਂ ਲਗਾਤਾਰ ਰਹੀ ਅਤੇ ਜਿਹੜੇ ਸਿਰੜ ਦਾ ਇਨ੍ਹਾਂ ਦਾ ਪ੍ਰਭਾਵ ਆਮ ਲੋਕਾਂ ਉੱਤੇ ਪਿਆ ਹੈ, ਇਸ ਜਿੱਤ ਵਿੱਚ ਉਸ ਪ੍ਰਭਾਵ ਦਾ ਵੀ ਤਕੜਾ ਯੋਗਦਾਨ ਹੈ।

ਅਖੀਰ ਵਿੱਚ ਅਕਾਲੀ ਦਲ ਦੀ ਗੱਲ ਕਰਨੀ ਬਣਦੀ ਹੈ। ਇਸ ਪਾਰਟੀ ਨੇ ਇਹ ਦਾਅਵਾ ਕਰ ਦਿੱਤਾ ਹੈ ਕਿ ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਇਹੋ ਪਾਰਟੀ ਕਾਂਗਰਸ ਦਾ ਅਸਲ ਬਦਲ ਬਣ ਸਕਦੀ ਹੈ। ਇਹੋ ਜਿਹੇ ਦਾਅਵੇ ਕਰਨ ਵਾਲੀ ਪਾਰਟੀ ਨੂੰ ਇਨ੍ਹਾਂ ਚੋਣਾਂ ਵਿੱਚ ਵੱਡੇ ਝਟਕੇ ਲੱਗੇ ਹਨ। ਬਠਿੰਡਾ ਸ਼ਹਿਰ ਤਰੇਹਠ ਸਾਲਾਂ ਤੱਕ ਅਕਾਲੀ ਦਲ ਦੀ ਪ੍ਰਧਾਨਗੀ ਹੇਠ ਰਿਹਾ ਸੀ, ਇਸ ਵਾਰ ਇਨ੍ਹਾਂ ਕੋਲੋਂ ਖੁੱਸ ਗਿਆ ਤਾਂ ਉਸ ਦੇ ਬਹਾਨੇ ਲੱਭੇ ਜਾ ਸਕਦੇ ਹਨ, ਪਰ ਮੁਕਤਸਰ ਸਾਹਿਬ, ਮਲੋਟ ਅਤੇ ਹੋਰ ਤਾਂ ਹੋਰ, ਜਲਾਲਾਬਾਦ ਵਰਗਾ ਸ਼ਹਿਰ, ਜਿੱਥੇ ਅਕਾਲੀ ਦਲ ਦਾ ਪ੍ਰਧਾਨ ਭਵਿੱਖ ਦਾ ਮੁੱਖ ਮੰਤਰੀ ਬਣਨ ਦੀ ਝਾਕ ਵਿੱਚ ਲਗਾਤਾਰ ਕੈਂਪ ਲਾ ਕੇ ਬੈਠਾ ਰਿਹਾ ਸੀ, ਓਥੇ ਵੀ ਹਾਰ ਝੱਲਣੀ ਪੈ ਗਈ ਹੈ। ਕਾਂਗਰਸ ਪਾਰਟੀ ਓਥੇ ਸਤਾਰਾਂ ਵਿੱਚੋਂ ਗਿਆਰਾਂ ਸੀਟਾਂ ਜਿੱਤ ਗਈ ਅਤੇ ਅਕਾਲੀ ਦਲ ਨੂੰ ਸਿਰਫ ਪੰਜ ਮਿਲੀਆਂ ਹਨ ਤਾਂ ਅਕਾਲੀ ਲੀਡਰਸ਼ਿਪ ਨੇ ਇਸ ਦਾ ਕਾਰਨ ਕਾਂਗਰਸ ਪਾਰਟੀ ਵੱਲੋਂ ਧੱਕੇਸ਼ਾਹੀ ਅਤੇ ਪੁਲਸ ਅਤੇ ਪ੍ਰਸ਼ਾਸਨ ਦੀ ਦੁਰਵਰਤੋਂ ਦੱਸਿਆ ਹੈ। ਮਾਝੇ ਵਿੱਚ ਏਸੇ ਪਾਰਟੀ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਵਿੱਚ ਮਜੀਠਾ ਦੀ ਨਗਰ ਕੌਂਸਲ ਦੀਆਂ ਤੇਰਾਂ ਸੀਟਾਂ ਵਿੱਚੋਂ ਦਸ ਅਕਾਲੀ ਦਲ ਨੇ ਜਿੱਤੀਆਂ ਹਨ, ਪ੍ਰਸ਼ਾਸਨ ਦੀ ਦੁਰਵਰਤੋਂ ਹੋਈ ਹੁੰਦੀ ਤਾਂ ਓਥੇ ਵੀ ਕੀਤੀ ਜਾਣੀ ਸੀ ਤੇ ਬਿਕਰਮ ਸਿੰਘ ਨਾਲ ਕਾਂਗਰਸ ਦੀ ਕੁੜੱਤਣ ਉਂਜ ਵੀ ਸਿਖਰਾਂ ਉੱਤੇ ਹੈ, ਉਹ ਫਿਰ ਵੀ ਜਿੱਤ ਗਿਆ ਹੈ। ਸੁਖਬੀਰ ਸਿੰਘ ਬਾਦਲ ਨੂੰ ਹਕੀਕਤਾਂ ਨਾਲ ਅੱਖ ਮਿਲਾਉਣ ਦਾ ਹੌਸਲਾ ਦਿਖਾਉਣਾ ਚਾਹੀਦਾ ਹੈ ਤੇ ਹਕੀਕਤਾਂ ਇਹ ਹਨ ਕਿ ਜਿਨ੍ਹਾਂ ਸ਼ਹਿਰਾਂ ਵਿੱਚ ਕਿਸੇ ਵੀ ਕਿਸਮ ਦਾ ਕੋਈ ਰੌਲਾ ਨਹੀਂ ਪਿਆ, ਉਨ੍ਹਾਂ ਵਿੱਚ ਵੀ ਅਕਾਲੀ ਦਲ ਨੂੰ ਲੋਕਾਂ ਨੇ ਵੋਟਾਂ ਪਾਉਣ ਲਈ ਯੋਗ ਧਿਰ ਨਹੀਂ ਮੰਨਿਆ ਤੇ ਆਗੂ ਦੇ ਪੱਲੇ ਉੱਤੇ ਲੱਗੇ ਹੋਏ ਦਾਗ ਇਸ ਪਾਰਟੀ ਲਈ ਘਾਤਕ ਸਾਬਤ ਹੋਏ ਹਨ। ਇਸ ਪੱਖ ਤੋਂ ਪਾਰਟੀ ਅੰਦਰਲੇ ਸੀਨੀਅਰ ਆਗੂਆਂ ਨੂੰ ਨਵੇਂ ਸਿਰਿਉਂ ਸੋਚਣ ਅਤੇ ਫੈਸਲੇ ਲੈਣ ਦੀ ਲੋੜ ਪੈ ਸਕਦੀ ਹੈ।

ਮੁੜ ਕੇ ਆਈਏ ਕਾਂਗਰਸ ਪਾਰਟੀ ਦੇ ਇਸ ਵਹਿਮ ਵੱਲ ਕਿ ਆਮ ਲੋਕਾਂ ਵਿੱਚ ਇਸ ਪਾਰਟੀ ਦੇ ਹਰਮਨ ਪਿਆਰੇ ਹੋਣ ਦਾ ਸਿੱਟਾ ਇਨ੍ਹਾਂ ਚੋਣਾਂ ਵਿੱਚ ਜਿੱਤਾਂ ਦੇ ਰੂਪ ਵਿੱਚ ਨਿਕਲਿਆ ਹੈ। ਉਨ੍ਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਪਾਰਟੀ ਦੀ ਹਰਮਨ ਪਿਆਰਤਾ ਏਨੀ ਤਕੜੀ ਸੀ ਤਾਂ ਆਨੰਦਪੁਰ ਸਾਹਿਬ ਵਿੱਚ ਸਾਰੇ ਦੇ ਸਾਰੇ ਆਜ਼ਾਦ ਉਮੀਦਵਾਰ ਹੀ ਜਿੱਤਦੇ ਗਏ ਹਨ ਤੇ ਹੋਰ ਪਾਰਟੀਆਂ ਦੇ ਨਾਲ ਕਾਂਗਰਸ ਦੀ ਝੋਲੀ ਵੀ ਖਾਲੀ ਰਹੀ ਹੈ, ਓਥੇ ਹਰਮਨ ਪਿਆਰਤਾ ਕਿੱਧਰ ਚਲੀ ਗਈ ਸੀ! ਖਬਰਾਂ ਕਹਿੰਦੀਆਂ ਹਨ ਕਿ ਸ੍ਰੀ ਹਰਗੋਬਿੰਦਪੁਰ ਵਿੱਚ ਤੇਰਾਂ ਵਿੱਚੋਂ ਬਾਰਾਂ ਜਣੇ ਆਜ਼ਾਦ ਜਿੱਤੇ ਹਨ ਅਤੇ ਇਹ ਆਜ਼ਾਦ ਵੀ ਉਹੀ ਹਨ, ਜਿਹੜੇ ਟਰੈਕਟਰ ਦੇ ਚੋਣ ਨਿਸ਼ਾਨ ਉੱਤੇ ਚੋਣ ਲੜੇ ਸਨ। ਓਥੇ ਕਾਂਗਰਸ ਦੇ ਪੈਰ ਕਾਹਤੋਂ ਨਾ ਲੱਗ ਸਕੇ, ਇਹ ਗੱਲ ਵੀ ਕਾਂਗਰਸੀ ਆਗੂਆਂ ਨੂੰ ਸੋਚਣੀ ਚਾਹੀਦੀ ਹੈ। ਰਾਜ ਕਰਦੀ ਪਾਰਟੀ ਚੋਣਾਂ ਵਿੱਚ ਹਮੇਸ਼ਾਂ ਧੱਕੇਸ਼ਾਹੀ ਕਰਨ ਵਾਸਤੇ ਯਤਨ ਕਰਦੀ ਹੁੰਦੀ ਹੈ, ਇਸ ਵਾਰੀ ਵੀ ਇਸ ਦੀਆਂ ਖਬਰਾਂ ਆਈਆਂ ਸਨ, ਫਿਰ ਵੀ ਕਈ ਸ਼ਹਿਰਾਂ ਵਿੱਚ ਖਬਰਾਂ ਬਣਨ ਜੋਗੇ ਰੌਲੇ ਤੋਂ ਬਿਨਾਂ ਇਹ ਪਾਰਟੀ ਸਭ ਸੀਟਾਂ ਨੂੰ ਹੂੰਝਾ ਮਰਨ ਵਿੱਚ ਕਾਮਯਾਬ ਰਹੀ ਹੈ ਤਾਂ ਉਸ ਤੋਂ ਇਹ ਬਹੁਤੀ ਖੁਸ਼ ਨਾ ਹੋਵੇ, ਆਪਣੀਆਂ ਕਮਜ਼ੋਰੀਆਂ ਦੀ ਪੜਚੋਲ ਕਰਨ ਦੀ ਕੋਸ਼ਿਸ਼ ਕਰੇ। ਇਹ ਆਮ ਕਿਹਾ ਜਾਂਦਾ ਹੈ ਕਿ ਜਦੋਂ ਰਾਜ ਕਰਦੀ ਪਾਰਟੀ ਆਮ ਚੋਣਾਂ ਤੋਂ ਪਹਿਲੇ ਸਾਲ ਵਿੱਚ ਵੱਡੀਆਂ ਜਿੱਤਾਂ ਜਿੱਤਦੀ ਹੈ ਤਾਂ ਉਹ ਇਸੇ ਵਹਿਮ ਹੇਠ ਕੰਮ ਕਰਨਾ ਛੱਡ ਕੇ ਅਗਲੀ ਵਾਰੀ ਫਿਰ ਪੱਕੀ ਜਿੱਤ ਦੇ ਸੁਫਨੇ ਲੈਣ ਲੱਗ ਜਾਂਦੀ ਹੁੰਦੀ ਹੈ। ਇਹੋ ਸੁਫਨੇ ਉਸ ਦੇ ਜੜ੍ਹੀਂ ਬੈਠ ਜਾਇਆ ਕਰਦੇ ਹਨ ਤੇ ਫਿਰ ਉਹ 'ਹਰਮਨ ਪਿਆਰਤਾ' ਦੇ ਵਹਿਮ ਕਾਰਨ ਹੀ ਏਦਾਂ ਦੀ ਸੱਟ ਖਾ ਜਾਂਦੀ ਹੈ ਕਿ ਉਸ ਨੂੰ ਲੋਕਾਂ ਮੂਹਰੇ ਜਾਣ ਲਈ ਬਹਾਨਾ ਵੀ ਨਹੀਂ ਲੱਭਦਾ ਹੁੰਦਾ। ਕਾਂਗਰਸ ਵੀ ਅੱਜਕੱਲ੍ਹ ਇਸੇ ਵਹਿਮ ਦੀ ਸ਼ਿਕਾਰ ਜਾਪਦੀ ਹੈ।

ਲੋਕਾਂ ਨੇ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਤੋਂ ਪਹਿਲਾਂ ਹੋਏ ਸੈਮੀ-ਫਾਈਨਲ ਵਰਗੇ ਚੋਣ-ਘੋਲ ਵਿੱਚ ਜਿਸ ਤਰ੍ਹਾਂ ਦਾ ਫਤਵਾ ਦਿੱਤਾ ਹੈ, ਉਸ ਤੋਂ ਇੱਕ ਨਵੀਂ ਚਰਚਾ ਵੀ ਛਿੜੀ ਹੈ ਕਿ ਕਿਸਾਨ ਸੰਘਰਸ਼ ਦੇ ਪ੍ਰਭਾਵ ਹੇਠ ਕਿਸੇ ਇੱਕ ਨਵੀਂ ਸਿਆਸੀ ਧਿਰ ਦਾ ਜਨਮ ਵੀ ਹੋ ਸਕਦਾ ਹੈ। ਸ੍ਰੀ ਹਰਗੋਬਿੰਦਪੁਰ ਦੇ ਚੋਣ-ਤਜਰਬੇ ਹੇਠ ਜੇ ਚਾਰ ਕਿਸਾਨ ਆਗੂ ਹੀ ਕੇਜਰੀਵਾਲ ਬਣਨ ਦਾ ਸੁਫਨਾ ਲੈ ਕੇ ਟਰੈਕਟਰ ਦਾ ਚੋਣ-ਨਿਸ਼ਾਨ ਚੁੱਕ ਕੇ ਤੁਰ ਪਏ ਤਾਂ ਦਮਗਜ਼ੇ ਮਾਰਨ ਵਾਲੀਆਂ ਧਿਰਾਂ ਦੇ ਆਗੂਆਂ ਨੂੰ ਭੱਜਿਆਂ ਰਾਹ ਨਹੀਂ ਲੱਭਣਾ। ਅਜੇ ਇਹ ਸਿਰਫ ਚਰਚਾ ਹੈ, ਕੱਲ੍ਹ ਨੂੰ ਕੀ ਹੋਵੇਗਾ, ਕੋਈ ਨਹੀਂ ਜਾਣਦਾ ਤੇ ਉਸ ਕੱਲ੍ਹ ਤੋਂ ਪਹਿਲਾਂ ਸਿਆਸੀ ਧਿਰਾਂ ਕੋਲ ਸੋਚਣ ਜੋਗਾ ਵਕਤ ਹੈ। ਚੋਣਾਂ ਨੇ ਸੋਚਣ ਦਾ ਮੌਕਾ ਸਭ ਨੂੰ ਦੇ ਦਿੱਤਾ ਹੈ।

# ਚੀਨ ਨਾਲ ਗੱਲਬਾਤ ਵਿੱਚ ਅਸੀਂ ਕੀ ਗੁਆਇਆ, ਅਸੀਂ ਕੀ ਖੱਟਿਆ

-ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ (ਰਿਟਾ.)

ਭਾਰਤ-ਚੀਨ ਵਿਚਾਲੇ ਲਗਭਗ 10 ਮਹੀਨਿਆਂ ਤੋਂ ਅਸਲ ਕੰਟਰੋਲ ਰੇਖਾ (ਐੱਲ ਏ ਸੀ) 'ਤੇ ਜਾਰੀ ਟਕਰਾਅ ਵਾਲੇ ਮਾਹੌਲ ਪਿੱਛੋਂ ਦੋਵਾਂ ਦੇਸ਼ਾਂ ਦੀਆਂ ਫੌਜਾਂ ਦੀ ਵਾਪਸੀ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ 11 ਫਰਵਰੀ ਨੂੰ ਪਾਰਲੀਮੈਂਟ ਵਿੱਚ ਕਿਹਾ ਸੀ ਕਿ ਸਮਝੌਤੇ ਅਨੁਸਾਰ ਦੋਵੇਂ ਮੁਲਕ ਪੈਂਗੋਂਗ ਤਸੋ ਝੀਲ ਦੇ ਉਤਰੀ ਤੇ ਦੱਖਣੀ ਇਲਾਕਿਆਂ ਵਿੱਚੋਂ ਪੜਾਅਵਾਰ ਫੌਜਾਂ ਪਿੱਛੇ ਹਟਾਉਣ ਲਈ ਸਹਿਮਤ ਹੋ ਗਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸੰਧੀ ਮੁਤਾਬਕ ਭਾਰਤ ਨੇ ਕੁਝ ਨਹੀਂ ਗੁਆਇਆ ਅਤੇ ਅਸੀਂ ਕਿਸੇ ਵੀ ਦੇਸ਼ ਨੂੰ ਭਾਰਤ ਦੀ ਇੱਕ ਇੰਚ ਜ਼ਮੀਨ ਨਹੀਂ ਲੈਣ ਦੇਵਾਂਗੇ। ਵੇਰਵੇ ਅਨੁਸਾਰ ਚੀਨ ਆਪਣੀਆਂ ਫੌਜਾਂ ਦੀ 135 ਕਿਲੋਮੀਟਰ ਵਾਲੀ ਪੈਂਗੋਂਗ ਤਸੋ ਝੀਲ ਦੀ ਫਿੰਗਰ (ਪਹਾੜੀ) ਅੱਠ ਤੋਂ ਪਿੱਛੇ ਸਿਰਜਾਮ ਪੋਸਟ ਕੋਲ ਵਾਪਸੀ ਕਰੇਗਾ ਅਤੇ ਆਪਣੀ ਫੌਜ ਫਿੰਗਰ ਤਿੰਨ ਵਾਲੀ ਪਹਾੜੀ ਦੇ ਨਜ਼ਦੀਕ ਧਨ ਸਿੰਘ ਥਾਪਾ ਪੱਕੀ ਪੋਸਟ ਤੱਕ ਸੀਮਿਤ ਰੱਖੇਗਾ। ਪੈਂਗੋਂਗ ਤਸੋ ਦੇ ਇਸ 10-12 ਕਿਲੋਮੀਟਰ ਵਾਲੇ ਇਲਾਕੇ ਅੰਦਰ ਦੋਵਾਂ ਮੁਲਕਾਂ ਨੇ ਫਿਲਹਾਲ ਗਸ਼ਤ ਕਰਨ 'ਤੇ ਰੋਕ ਲਗਾ ਦਿੱਤੀ ਹੈ। ਪਹਿਲੇ ਪੜਾਅ ਦਾ ਕੰਮ ਪੂਰਾ ਹੋਣ ਉਪਰੰਤ ਉਸ ਦੀ ਸਾਂਝੇ ਤੌਰ 'ਤੇ ਪੜਤਾਲ ਕੀਤੀ ਜਾਵੇਗੀ ਅਤੇ ਫਿਰ ਹੀ ਅਗਲੀ ਕਾਰਵਾਈ ਸੰਭਵ ਹੋਵੇਗੀ।

ਇਸ ਸਮਝੌਤੇ ਬਾਰੇ ਸਾਬਕਾ ਰੱਖਿਆ ਮੰਤਰੀ ਏ ਕੇ ਐਂਟੋਨੀ ਅਤੇ ਕੁਝ ਪਾਰਲੀਮੈਂਟ ਮੈਂਬਰਾਂ ਵੱਲੋਂ ਪਾਰਲੀਮੈਂਟ 'ਚ ਚਾਲੂ ਬਜਟ ਸੈਸ਼ਨ ਦੌਰਾਨ ਉਜਾਗਰ ਕੀਤੇ ਗਏ ਪਹਿਲੂਆਂ ਬਾਰੇ ਉਨ੍ਹਾਂ ਨੂੰ ਚੁੱਪ ਕਰਵਾ ਦਿੱਤਾ ਗਿਆ।

ਵਰਨਣ ਯੋਗ ਹੈ ਕਿ ਪੈਂਗੋਂਗ ਤਸੋ ਝੀਲ ਦੇ ਉਤਰ-ਦੱਖਣ ਵੱਲ ਅੱਠ ਪਹਾੜੀਆਂ ਵਾਲਾ ਸਿਲਸਿਲਾ ਹੈ, ਜਿਸ ਨੂੰ ਫਿੰਗਰ ਕਿਹਾ ਜਾਂਦਾ ਹੈ। 1962 ਦੀ ਜੰਗ ਉਪਰੰਤ ਚੀਨ ਦੀਆਂ ਫੌਜਾਂ ਫਿੰਗਰ ਅੱਠ ਤੱਕ ਵਾਪਸ ਆ ਗਈਆਂ। ਉਂਝ ਵੀ ਭਾਰਤ ਦੇ ਦਸਤਾਵੇਜ਼ ਅਨੁਸਾਰ ਐੱਲ ਏ ਸੀ ਫਿੰਗਰ-8 ਦੇ ਪੂਰਬ ਵਾਲੇ ਇਲਾਕੇ 'ਚੋਂ ਲੰਘਦੀ ਹੈ। ਉਸ ਸਮੇਂ ਤੋਂ ਲੈ ਕੇ ਭਾਰਤੀ ਫੌਜ ਦੀਆਂ ਟੁਕੜੀਆਂ ਅਕਸਰ ਫਿੰਗਰ ਚਾਰ ਤੋਂ ਲੈ ਕੇ 8ਵੀਂ ਪਹਾੜੀ ਦਰਮਿਆਨ ਗਸ਼ਤ ਲਾਉਂਦੀਆਂ ਰਹੀਆਂ ਹਨ। ਬੀਤੇ ਸਾਲ ਦੇ ਸ਼ੁਰੂ ਵਿੱਚ ਚੀਨੀ ਫੌਜ ਨੇ ਤਿੱਬਤ 'ਚ ਜੰਗੀ ਮਸ਼ਕਾਂ ਕਰਨ ਉਪਰੰਤ ਪੂਰਬੀ ਲੱਦਾਖ ਵਿੱਚ ਪੈਂਦੀ 823 ਕਿਲੋਮੀਟਰ ਵਾਲੀ ਐੱਲ ਏ ਸੀ ਦੇ ਦੁਆਲੇ ਤੋਪਾਂ, ਟੈਂਕਾਂ, ਸੰਚਾਰ ਸਾਧਨਾਂ ਅਤੇ ਅਸਲੇ ਦੇ ਭੰਡਾਰਾਂ ਆਦਿ ਸਮੇਤ ਵੱਡੀ ਗਿਣਤੀ ਵਿੱਚ ਫੌਜ ਦੀ ਕਤਾਰਬੰਦੀ ਸ਼ੁਰੂ ਕਰ ਦਿੱਤੀ ਅਤੇ ਹਵਾਈ ਅੱਡੇ ਵੀ ਸਰਗਰਮ ਹੋ ਗਏ।



ਚੀਨੀ ਫੌਜ (ਪੀ ਐੱਲ ਏ) ਵਾਲੇ ਐੱਲ ਏ ਸੀ ਪਾਰ ਕਰ ਕੇ ਪੰਜ-ਛੇ ਮਈ ਨੂੰ ਪੈਂਗੋਂਗ ਤਸੋ ਝੀਲ ਦੇ ਉੱਤਰ-ਪੂਰਬ ਵੱਲੋਂ ਭਾਰਤੀ ਇਲਾਕੇ ਵਿੱਚ ਦਾਖਲ ਹੋ ਕੇ ਅਗਲੀਆਂ ਹਰਕਤਾਂ 'ਤੇ ਉਤਰ ਆਏ ਅਤੇ ਸਾਡੇ ਖੁਫੀਆ ਤੰਤਰ ਨੂੰ ਪਤਾ ਉਦੋਂ ਲੱਗਾ, ਜਦੋਂ ਚੀਨੀ ਫੌਜੀਆਂ ਨੇ ਫਿੰਗਰ ਚਾਰ ਤੇ ਪੰਜ ਦਰਮਿਆਨ ਪੈਟਰੋਲਿੰਗ ਕਰ ਰਹੇ ਸੁਰੱਖਿਆ ਫੋਰਸ ਦੇ ਜਵਾਨਾਂ 'ਤੇ ਤਾਰਾਂ ਵਾਲੇ ਸਰੀਏ, ਡੰਡਿਆਂ ਅਤੇ ਪੱਥਰਾਂ ਨਾਲ ਹਮਲਾ ਕਰ ਦਿੱਤਾ ਤੇ ਸਾਡੇ ਕੁਝ ਜਵਾਨ ਜ਼ਖਮੀ ਵੀ ਹੋਏ। ਬੱਸ ਫਿਰ ਇਸ ਇਲਾਕੇ ਵਿੱਚ ਪੀ ਐੱਲ ਏ ਨੇ ਨਿਰਮਾਣ ਕਾਰਜ ਆਰੰਭ ਦਿੱਤੇ। ਕਿਤੇ ਤੰਬੂ ਲੱਗ ਗਏ, ਬੰਕਰ ਬਣਾ ਲਏ, ਜਲਦੀ ਤਿਆਰ ਹੋ ਗਏ ਹੈਲੀਪੈਡ ਤੇ ਆਪਰੇਸ਼ਨ ਸ਼ੁਰੂ ਹੋ ਗਏ। ਨੇਵੀ ਦੀਆਂ ਕਿਸ਼ਤੀਆਂ ਵੀ ਪਹੁੰਚਣੀਆਂ ਸ਼ੁਰੂ ਹੋ ਗਈਆਂ। ਜਦੋਂ ਮਿਲਟਰੀ ਅਤੇ ਕੂਟਨੀਤਕ ਪੱਧਰ 'ਤੇ ਕਈ ਮੀਟਿੰਗਾਂ ਦੌਰਾਨ ਅਣਅਧਿਕਾਰਤ ਤੌਰ 'ਤੇ ਡੇਰੇ ਜਮਾਈ ਬੈਠੇ ਚੀਨੀਆਂ ਨੂੰ ਖਦੇੜਿਆ ਨਾ ਜਾ ਸਕਿਆ ਤਾਂ ਭਾਰਤੀ ਜਵਾਨਾਂ ਨੇ ਫਿੰਗਰ ਚਾਰ ਦੇ ਦੱਖਣ ਵੱਲ ਪੈਂਦੇ 15 ਹਜ਼ਾਰ ਫੁੱਟ ਦੀ ਬੁਲੰਦੀ ਵਾਲੇ ਕੈਲਾਸ਼ ਰੇਂਜ 'ਤੇ ਸਖਤ ਚੁਣੌਤੀਆਂ ਭਰਪੂਰ ਰਣਨੀਤਕ ਮਹੱਤਤਾ ਵਾਲੀਆਂ ਛੇ-ਸੱਤ ਚੋਟੀਆਂ ਉਤੇ ਅਗਸਤ ਦੇ ਅੰਤ ਵਿੱਚ ਕਬਜ਼ਾ ਕਰ ਲਿਆ, ਜਿਨ੍ਹਾਂ 'ਚ ਥਾਕੁੰਗ ਤੋਂ ਗੁਰੰਗ ਹਿੱਲ ਵਿਚਾਲੇ ਸਪਨਗੁਰ, ਮਗਰ, ਮੁਖਪਰੀ, ਰੀਜੰਗਲਾ ਤੇ ਰੀਚਿਨਲਾ ਦਾ ਆਦਿ ਸ਼ਾਮਲ ਹਨ। ਇਹ ਉਹ ਮਹੱਤਵ ਪੂਰਨ ਇਲਾਕਾ ਹੈ, ਜਿੱਥੋਂ ਪੀ ਐਲ ਏ ਦੇ ਬੇਸ ਕੈਂਪ ਮੋਲਦੋ ਅਤੇ ਉਸ ਦੀਆਂ ਗੁੰਨ ਪੁਜ਼ੀਸ਼ਨਾਂ ਅਤੇ ਟੈਂਕਾਂ ਉਪਰ ਨਿਗਰਾਨੀ ਰੱਖੀ ਜਾ ਸਕਦੀ ਹੈ।

ਇੱਕ ਪੁਰਾਣੀ ਕਹਾਵਤ 'ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ' ਇੱਥੇ ਲਾਗੂ ਹੁੰਦੀ ਹੈ। ਫਿਰ ਜਾ ਕੇ ਚੀਨ ਨੂੰ ਸਮਝੌਤਾ ਕਰਨਾ ਪਿਆ, ਜਿਸ ਨੂੰ ਵੱਖ-ਵੱਖ ਨਜ਼ਰੀਏ ਤੋਂ ਦੇਖਿਆ ਜਾ ਸਕਦਾ ਹੈ। ਬਿਨਾਂ ਸ਼ੱਕ ਚੀਨ ਤਾਂ ਫਿੰਗਰ ਚੌਥੀ ਤੋਂ 8ਵੀਂ ਤੱਕ ਦਾ ਇਲਾਕਾ ਖਾਲੀ ਕਰ ਦੇਵੇਗਾ, ਪਰ ਸਾਨੂੰ ਫਿੰਗਰ-4 ਤੋਂ ਪਿੱਛੇ ਤਿੰਨ ਫਿੰਗਰ ਤੱਕ ਹਟਣਾ ਪਿਆ ਅਤੇ ਇਸ ਦੇ ਨਾਲ ਬਹੁਤ ਰਣਨੀਤਕ ਮਹੱਤਤਾ ਦਾ ਇਲਾਕਾ ਸਾਡੇ ਹੱਥੋਂ ਜਾਂਦਾ ਰਿਹਾ। ਫਿਰ ਕੀ ਖੱਟਿਆ ਤੇ ਕੀ ਗੁਆਇਆ, ਇਸ ਦਾ ਫੈਸਲਾ ਤਾਂ ਪਾਠਕ ਹੀ ਕਰ ਸਕਦੇ ਹਨ।

ਦੋਵਾਂ ਦੇਸ਼ਾਂ ਦੇ ਨੁਮਾਇੰਦਿਆਂ ਵੱਲੋਂ ਪਹਿਲੇ ਪੜਾਅ ਦੇ ਸਮਝੌਤੇ ਅਨੁਸਾਰ ਮੁਆਇਨਾ ਕਰਨ ਉਪਰੰਤ ਗੋਗਰਾ-ਹਾਟ ਸਪਰਿੰਗ ਪੈਟਰੋਲਿੰਗ ਪੁਆਇੰਟ 14, 15, 07 ਬਾਰੇ ਫੌਜਾਂ ਦੇ ਅਧਿਕਾਰਤ ਖੇਤਰ ਵਾਲੇ ਇਲਾਕਿਆਂ ਸੰਬੰਧੀ ਗੱਲਬਾਤ ਹੋਣੀ ਹੈ। ਅਸਲ ਸਮੱਸਿਆ ਤਾਂ 16 ਹਜ਼ਾਰ ਫੁੱਟ ਦੀ ਉਚਾਈ ਵਾਲੇ 900 ਵਰਗ ਕਿਲੋਮੀਟਰ ਵਿੱਚ ਫੈਲੇ ਦੇ ਪਸਾਂਗ ਸਮਤਲ ਇਲਾਕੇ ਦੀ ਹੈ, ਜੋ ਕਿ ਸਿਓਕ ਦਰਿਆ ਦੇ ਉਤਰ ਵੱਲ ਪੈਂਦਾ ਹੈ। ਇਸ ਦੇ ਵਧੇਰੇ ਖੇਤਰਫਲ 'ਤੇ ਭਾਰਤੀ ਫੌਜ ਕਾਬਜ਼ ਹੈ ਅਤੇ ਪੀ ਐੱਲ ਏ ਪੂਰਬ ਵਾਲੇ ਹਿੱਸੇ 'ਚ ਤੈਨਾਤ ਹੈ। ਇਹ ਉਹ ਇਲਾਕਾ ਹੈ, ਜਿੱਥੇ ਬੀਤੇ ਸਾਲ ਦੋਵਾਂ ਮੁਲਕਾਂ ਦੀਆਂ ਹਜ਼ਾਰਾਂ ਦੀ ਗਿਣਤੀ ਵਿੱਚ ਫੌਜਾਂ, ਤੋਪਾਂ, ਟੈਂਕਾਂ ਆਦਿ ਸਮੇਤ ਇੱਕ ਦੂਸਰੇ ਦੇ ਆਹਮੋ-ਸਾਹਮਣੇ ਹਨ, ਜਿਸ ਨੂੰ ਘੱਟ ਕਰਨ ਦੀ ਲੋੜ ਹੈ। ਇਸੇ ਰਣਨੀਤਕ ਮਹੱਤਤਾ ਵਾਲੇ ਇਲਾਕੇ 'ਚੋਂ ਚੀਨ 16700 ਫੁੱਟ ਦੀ ਉਚਾਈ ਵਾਲੇ ਦੌਲਤਬੇਗ ਓਲਡੀ ਹਵਾਈ ਪਟੜੀ ਨੂੰ ਚੁਣੌਤੀ ਦੇ ਸਕਦਾ ਹੈ। ਇਹ ਉਹ ਇਲਾਕਾ ਹੈ, ਜਿੱਥੋਂ 18176 ਫੁੱਟ ਦੀ ਉਚਾਈ ਵਾਲਾ ਕਾਰਾਕੋਰਮ ਪਾਸ ਪੈਂਦਾ ਹੈ। ਇਸ ਦੇ ਨਾਲ ਹੀ 255 ਕਿਲੋਮੀਟਰ ਵਾਲੀ ਦੁਰਬੁਕ-ਸਿਓਲ ਡੀ ਬੀ ਓ ਸੜਕ ਫੱਟੜ ਹੋਣ ਯੋਗ ਹੈ। ਹਕੀਕਤ ਇਹ ਹੈ ਕਿ ਚੀਨ ਇਸ ਇਲਾਕੇ ਨੂੰ ਸਕਸ਼ਮ ਘਾਟੀ ਨਾਲ ਜੋੜ ਕੇ ਗਿਲਗਿਤ-ਬਾਲਤਿਸਤਾਨ ਪਹੁੰਚਣਾ ਚਾਹੁੰਦਾ ਹੈ। ਇਸ ਵਾਸਤੇ ਭਾਰਤ ਨੂੰ ਫੂਕ-ਫੂਕ ਕੇ ਕਦਮ ਚੁੱਕਣੇ ਪੈਣਗੇ।

ਚੀਨ ਮਾਓ ਜੇ ਤੁੰਗ ਦੇ ਸਿਧਾਂਤ ਅਨੁਸਾਰ ਤਿੱਬਤ ਸੱਜੇ ਹੱਥ ਦੀ ਹਥੇਲੀ ਅਤੇ ਲੱਦਾਖ, ਨੇਪਾਲ, ਸਿੱਕਮ, ਭੂਟਾਨ ਅਤੇ ਅਰੁਣਾਚਲ ਪ੍ਰਦੇਸ਼ ਪੰਜ ਉਂਗਲਾਂ ਹਨ, ਜਿਨ੍ਹਾਂ ਨੂੰ ਮੁਕਤ ਕਰਨਾ ਉਹ ਲਾਜ਼ਮੀ ਸਮਝਦਾ ਹੈ। ਇਹ ਇੱਕ ਕਾਰਨ ਹੈ ਕਿ ਚੀਨ ਨਾਲ ਪੰਚਸ਼ੀਲ ਤੋਂ ਲੈ ਕੇ ਸਰਹੱਦੀ ਇਲਾਕੇ ਦਾ ਹੱਲ ਲੱਭਣ ਲਈ ਕਈ ਸਮਝੌਤੇ ਹੋਏ, ਜਿਵੇਂ ਸੰਨ 1993, 1996, 2005 ਤੇ 2013 ਆਦਿ, ਪਰ ਚੀਨ ਨੇ ਵਾਰ-ਵਾਰ ਇਨ੍ਹਾਂ ਦੀ ਉਲੰਘਣਾ ਕੀਤੀ ਕਿਉਂਕਿ ਉਸ ਦੀ ਨੀਤ ਖੋਟੀ ਅਤੇ ਇਰਾਦੇ ਨੇਕ ਨਹੀਂ। ਇਸ ਵਾਸਤੇ ਬੜੀ ਚੌਕਸੀ ਵਰਤਣ ਦੀ ਲੋੜ ਹੋਵੇਗੀ, ਸਮਝੌਤਾ ਤਾਂ ਸੰਯੁਕਤ ਰਾਸ਼ਟਰ ਵਿੱਚ ਹੋਣਾ ਚਾਹੀਦਾ ਸੀ।

# ਬੱਕਰੀ ਵਾਲਾ ਬੱਚਾ

-ਸ਼ਵਿੰਦਰ ਕੌਰ-

ਬਾਕੀ ਸ਼ਹਿਰਾਂ ਵਾਂਗ ਸਾਡੇ ਸ਼ਹਿਰ ਵਿੱਚ ਵੀ ਨਗਰ ਨਿਗਮ ਦੀਆਂ ਚੋਣਾਂ ਕਾਰਨ ਪੂਰਾ ਰੌਲਾ ਰੱਪਾ ਪਿਆ ਹੋਇਆ ਸੀ। ਉਮੀਦਵਾਰ ਆਪੋ-ਆਪਣੀ ਜਿੱਤ ਲਈ ਪੂਰੀ ਨੱਠ ਭੱਜ ਕਰ ਰਹੇ ਸਨ, ਆਪੋ ਆਪਣੇ ਸਮਰਥਕਾਂ ਨਾਲ ਘਰ ਘਰ ਜਾ ਰਹੇ ਸਨ। ਇਸ ਤੋਂ ਬਿਨਾਂ ਵੋਟਰਾਂ ਦੀਆਂ ਸਾਕ ਸਕੀਰੀਆਂ ਦੀ ਪੜਤਾਲ ਕਰ ਕੇ ਉਨ੍ਹਾਂ ਤੱਕ ਪਹੁੰਚ ਕੀਤੀ ਜਾ ਰਹੀ ਸੀ। ਜਿੱਤ ਯਕੀਨੀ ਬਣਾਉਣ ਲਈ ਹਰ ਉਮੀਦਵਾਰ ਪੂਰੀ ਵਾਹ ਲਾ ਰਿਹਾ ਹੈ।

ਸਾਡੀ ਭਾਣਜੀ ਸ਼ਹਿਰ ਦੇ ਨਾਲ ਲੱਗਦੇ ਪਿੰਡ ਵਿਆਹੀ ਹੋਈ ਹੈ। ਉਨ੍ਹਾਂ ਦੀ ਰਿਹਾਇਸ਼ ਪਿੰਡ ਤੋਂ ਬਾਹਰ ਖੇਤਾਂ ਵਿੱਚ ਹੋਣ ਕਰ ਕੇ ਉਨ੍ਹਾਂ ਦੇ ਘਰ ਸ਼ਹਿਰ ਦੇ ਇੱਕ ਵਾਰਡ ਵਿੱਚ ਪੈਂਦੇ ਹਨ। ਇਉਂ ਉਮੀਦਵਾਰਾਂ ਨੂੰ ਖੇਤਾਂ ਵਿੱਚ ਜਾ ਕੇ ਉਨ੍ਹਾਂ ਤੱਕ ਪਹੁੰਚ ਕਰਨੀ ਪੈਂਦੀ ਹੈ। ਇਸ ਵਾਰ ਉਸ ਨੂੰ ਮਿਲਣ ਗਏ ਤਾਂ ਚਾਹ ਪਾਣੀ ਤੋਂ ਬਾਅਦ ਜਿਵੇਂ ਅਕਸਰ ਹਰ ਥਾਂ ਹੁੰਦਾ ਹੈ, ਗੱਲਾਂ ਕਿਸਾਨੀ ਸੰਘਰਸ਼ ਬਾਰੇ ਤੁਰ ਪਈਆਂ। ਉਹ ਦੱਸਣ ਲੱਗ ਪਏ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਪਿੰਡ ਦੀ ਪੰਚਾਇਤ ਨੇ ਮਤਾ ਪਾਇਆ ਕਿ ਹਰ ਘਰ ਦਾ ਬੰਦਾ ਕਿਸਾਨੀ ਸੰਘਰਸ਼ ਵਿੱਚ ਦਿੱਲੀ ਜਾਵੇਗਾ। ਸਾਰੇ ਘਰਾਂ ਨੂੰ ਗੁਰੱਪਾਂ ਵਿੱਚ ਵੰਡਿਆ ਗਿਆ ਹੈ, ਜੋ ਵਾਰੀ ਸਿਰ ਧਰਨੇ ਵਿੱਚ ਜਾਣਗੇ ਅਤੇ ਜਾਣ ਸਮੇਂ ਲੋੜੀਂਦੀਆਂ ਵਸਤਾਂ ਵੀ ਲੈ ਕੇ ਜਾਣਗੇ।

ਪੰਚਾਇਤ ਦੇ ਮਤਿਆਂ ਤੋਂ ਬਿਨਾਂ ਲੋਕਾਂ ਵੱਲੋਂ ਆਪਣੇ ਤੌਰ ਉੱਤੇ ਪਾਏ ਜਾ ਰਹੇ ਯੋਗਦਾਨ ਬਾਰੇ ਵੀ ਗੱਲਾਂ ਹੁੰਦੀਆਂ ਰਹੀਆਂ। ਸਾਰੇ ਇਸ ਗੱਲ ਉਤੇ ਸਹਿਮਤ ਸਨ ਕਿ ਕਿਸਾਨ ਜਥੇਬੰਦੀਆਂ ਅਤੇ ਸਮਰਥਕਾਂ ਵੱਲੋਂ ਕੀਤਾ ਪ੍ਰਚਾਰ ਕਿਸ ਤਰ੍ਹਾਂ ਆਮ ਲੋਕਾਂ ਨੂੰ ਇਹ ਸਮਝਾਉਣ ਵਿੱਚ ਸਫਲ ਰਿਹਾ ਹੈ ਕਿ ਖੇਤੀਬਾੜੀ ਨਾਲ ਸੰਬੰਧਤ ਤਿੰਨ ਕਾਲੇ ਕਾਨੂੰਨ ਸਿਰਫ ਕਿਸਾਨਾਂ ਦੇ ਹੀ ਖਿਲਾਫ ਨਹੀਂ, ਆਮ ਲੋਕਾਂ ਦੇ ਵੀ ਨੱਕ ਵਿੱਚ ਦਮ ਕਰ ਦੇਣਗੇ। ਨਾਲ ਇਹ ਗੱਲ ਵੀ ਉਭਰ ਕੇ ਸਾਹਮਣੇ ਆਈ ਕਿ ਇਸ ਕਿਸਾਨੀ ਸੰਘਰਸ਼ ਨੇ ਪਿੰਡਾਂ ਦੇ ਸਭਿਆਚਾਰ ਵਿੱਚ ਨਵੀਂ ਉਤਸ਼ਾਹ ਦੀ ਚੇਤਨਾ ਭਰ ਦਿੱਤੀ ਹੈ। ਸਭ ਬੱਚੇ, ਨੌਜਵਾਨ, ਔਰਤਾਂ ਤੇ ਬਜ਼ੁਰਗ, ਹਰ ਕੋਈ ਇਨ੍ਹਾਂ ਧਰਨਿਆਂ ਵਿੱਚ ਬੈਠ ਕੇ ਆਪਣੇ ਆਪ 'ਤੇ ਮਾਣ ਮਹਿਸੂਸ ਕਰਦਾ ਹੈ। ਧਰਨੇ ਉੱਤੇ ਲਗਾਤਾਰ ਰਹਿ ਕੇ ਕੁਝ ਦਿਨ ਲਈ ਆਏ ਰਿਸ਼ਤੇਦਾਰ ਨੇ ਦੱਸਿਆ ਕਿ ਜਿਸ ਤਰ੍ਹਾਂ ਦੂਜੇ ਰਾਜਾਂ ਦੇ ਕਿਸਾਨਾਂ ਦਾ ਹੁੰਗਾਰਾ ਮਿਲ ਰਿਹਾ ਹੈ, ਇਹ ਵੀ ਇਸ ਕਰ ਕੇ ਸੰਭਵ ਹੋਇਆ ਹੈ ਕਿ ਕਿਸਾਨ ਜਥੇਬੰਦੀਆਂ ਦੂਜੇ ਰਾਜਾਂ ਦੇ ਲੋਕਾਂ ਨੂੰ ਕਾਲੇ ਕਾਨੂੰਨਾਂ ਦੀ ਅਸਲੀਅਤ ਦੱਸ ਕੇ ਉਨ੍ਹਾਂ ਨੂੰ ਆਪਣੇ ਨਾਲ ਤੋਰਨ ਵਿੱਚ ਸਫਲ ਰਹੀਆਂ ਹਨ। ਸੰਘਰਸ਼ ਦੌਰਾਨ ਆਉਂਦੀਆਂ ਮੁਸ਼ਕਲਾਂ ਨੂੰ ਕਿਸਾਨ ਲੀਡਰਾਂ ਨੇ ਆਪਣੇ ਢੰਗ ਨਾਲ ਨਜਿੱਠਿਆ ਹੈ। ਜਿਸ ਤਰ੍ਹਾਂ ਧਰਨੇ ਸ਼ਾਂਤਮਈ ਢੰਗ ਨਾਲਚ ਲਾਏ ਜਾ ਰਹੇ ਹਨ, ਉਸ ਕਰ ਕੇ ਹੀ ਦੇਸ਼ ਵਿਦੇਸ਼ ਬੈਠੇ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ। ਇਸ ਦੇ ਹੱਕ ਵਿੱਚ ਉਘੀਆਂ ਹਸਤੀਆਂ ਟਵੀਟ ਕਰ ਰਹੀਆਂ ਹਨ।

ਗੱਲਾਂ ਅਜੇ ਚੱਲ ਰਹੀਆਂ ਸਨ ਕਿ ਇੱਕ ਪਾਰਟੀ ਦੇ ਦਸ ਕੁ ਬੰਦੇ ਵੋਟਾਂ ਲਈ ਕਹਿਣ ਉਨ੍ਹਾਂ ਦੇ ਘਰ ਆਏ। ਇਸ ਤੋਂ ਪਹਿਲਾਂ ਕਿ ਉਹ ਆਪਣੀ ਗੱਲ ਕਹਿੰਦੇ, ਪਰਵਾਰ ਦਾ ਪੰਜ ਕੁ ਸਾਲ ਦਾ ਲੜਕਾ, ਜੋ ਸਾਡੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਿਹਾ ਸੀ, ਭੱਜ ਕੇ ਵੋਟਾਂ ਬਾਰੇ ਆਖਣ ਆਇਆਂ ਦੇ ਅੱਗੇ ਹੋ ਕੇ ਖੜੋ ਗਿਆ ਤੇ ਬੜੇ ਦਾਨਿਆਂ ਵਾਂਗ ਪੁੱਛਣ ਲੱਗਾ, "ਤੁਸੀਂ ਵੋਟਾਂ ਮੰਗਣ ਆਏ ਓ?"

ਉਨ੍ਹਾਂ ਦੇ 'ਹਾਂ' ਕਹਿਣ ਉਤੇ ਮੁੰਡਾ ਗੁੱਸੇ ਨਾਲ ਮੂੰਹ ਫੈਲਾਉਂਦਾ ਪੂਰੇ ਕਰਾਰ ਨਾਲ ਆਕੜ ਕੇ ਪਿਆ, 'ਤੁਹਾਨੂੰ ਸ਼ਰਮ ਨਹੀਂ ਆਉਂਦੀ ਵੋਟਾਂ ਮੰਗਦਿਆਂ ਨੂੰ, ਕਿਸਾਨ ਤਾਂ ਧਰਨਿਆਂ 'ਤੇ ਬੈਠੇ ਐ, ਤੁਹਾਨੂੰ ਵੋਟਾਂ ਦੀ ਪਈ ਐ।' ਉਹਦੀ ਮਾਂ ਉਹਨੂੰ ਮਸਾਂ ਫੜ ਕੇ ਅੰਦਰ ਲੈ ਕੇ ਗਈ। ਵੋਟਾਂ ਵਾਲੇ ਵੀ ਨਿੰਮੋਝੂਣੇ ਜਿਹੇ ਹੋ ਕੇ ਛੇਤੀ ਛੇਤੀ ਆਪਣੀ ਗੱਲ ਕੇ ਤੁਰ ਗਏ। ਮਗਰੋਂ ਅਸੀਂ ਉਸ ਬੱਚੇ ਨੂੰ ਆਪਣੇ ਕੋਲ ਸੱਦ ਕੇ ਪੁੱਛਣ ਲੱਗ ਪਏ, "ਜਦੋਂ ਤੇਰੇ ਪਾਪਾ ਧਰਨੇ ਉਤੇ ਦਿੱਲੀ ਗਈ ਸੀ, ਤੁਸੀਂ ਨਾਲ ਕਿਉਂ ਨਹੀਂ ਗਏ?"

"ਅਸਲ ਵਿੱਚ ਉਸ ਵੇਲੇ ਮੇਰੇ ਕੋਲ ਨਾ ਪੈਸੇ ਨਹੀਂ ਸਨ। ਮੇਰੀ ਬੱਕਰੀ (ਉਸ ਦੇ ਸ਼ੌਕ ਕਰ ਕੇ ਘਰ ਵਿੱਚ ਬੱਕਰੀ ਰੱਖੀ ਹੋਈ ਸੀ) ਸੂਣ ਵਾਲੀ ਸੀ। ਉਸ ਨੇ ਦੋ ਮੇਮਣੇ ਦਿੱਤੇ ਆ। ਮੈਂ ਉਹ ਵੇਚ ਦੇਣੀ ਐ, ਨਾਲੇ ਜਿਹੜੀ ਵੱਛੀ ਢੁੱਡਾਂ ਮਾਰਦੀ ਹੈ, ਉਹ ਵੀ ਵੇਚ ਦੇਣੀ ਐ। ਮੈਂ ਪਾਪੇ ਨੂੰ ਕਿਹਾ ਕਿ ਸਾਰੀ ਜਵ੍ਹੀਂ ਵੱਢ ਕੇ ਮੰਡੀ ਵੇਚ ਆ। ਫਿਰ ਨਾ ਮੇਰੇ ਕੋਲ ਬਹੁਤੇ ਸਾਰੇ ਪੈਸੇ ਹੋ ਜਾਣੇ। ਮੈਂ ਫਿਰ ਜਾਊਂਗਾ ਧਰਨੇ ਉਤੇ, ਨਾਲੇ ਉਹ ਸਾਰੇ ਪੈਸੇ ਕਿਸਾਨਾਂ ਦੇ ਕੇ ਆਊਂਗਾ।"

ਬੱਚੇ ਦੇ ਮੂੰਹ ਵੱਲ ਬਿੱਟ ਬਿੱਟ ਤੱਕਦਿਆਂ ਮੈਂ ਉਸ ਨੂੰ ਅਗਲਾ ਸਵਾਲ ਕੀਤਾ, "ਫਿਰ ਮਿੱਠੂ ਧਰਨੇ ਉਤੇ ਕੀਹਦੇ ਨਾਲ ਜਾਵੇਂਗਾ?"

ਜਿਵੇਂ ਪਹਿਲਾਂ ਹੀ ਉਸ ਨੇ ਜਵਾਬ ਸੋਚ ਰੱਖਿਆ ਸੀ, ਪੂਰੇ ਵਿਸ਼ਵਾਸ ਨਾਲ ਆਖਣ ਲੱਗਾ, "ਸਾਡੇ ਬਾਕੀ ਸਾਰੇ ਘਰਦੇ ਤਾਂ ਪਹਿਲਾਂ ਹੀ ਜਾ ਆਏ, ਬੱਸ ਮਾਸੀ ਨਹੀਂ ਗਈ। ਮੈਂ ਤੇ ਮਾਸੀ ਜਾਵਾਂਗੇ ਪਿੰਡ ਵਾਲੀ ਟਰਾਲੀ ਵਿੱਚ ਬੈਠ ਕੇ। ਮੈਂ ਨਾਲ ਵੱਡੀ ਸਾਰੀ ਡਾਂਗ ਲੈ ਕੇ ਜਾਊਂਗਾ। ਜਿਹੜਾ ਬੰਦਾ ਕਿਸਾਨਾਂ ਦੀ ਗੱਲ ਨਹੀਂ ਮੰਨ ਰਿਹਾ ਨਾ, ਮਾਰ ਕੇ ਡਾਂਗ ਉਹਦੀ ਲੱਤ ਤੋੜੂੰ। ਫਿਰ ਵੇਖੀਂ ਮੰਨਦਾ।"

ਬੱਚੇ ਦੀਆਂ ਗੱਲਾਂ ਸੁਣ ਕੇ ਲੱਗਿਆ, ਕਿਸਾਨਾਂ ਦੇ ਸੰਘਰਸ਼ ਦੀਆਂ ਜੜ੍ਹਾਂ ਤਾਂ ਮੇਰੀ ਸੋਚ ਤੋਂ ਵੀ ਕਿਤੇ ਡੂੰਘੀਆਂ ਲੱਗ ਗਈਆਂ ਹਨ। ਛੋਟੇ ਜਿਹੇ ਬੱਚੇ ਜੇ ਇੰਨੀ ਸ਼ਿੱਦਤ ਨਾਲ ਜਿਸ ਸੰਘਰਸ਼ ਨਲਾ ਜੁੜੇ ਹੋਣ, ਉਹ ਕਿਵੇਂ ਹਾਰ ਸਕਦਾ।

# ਹਲਕਾ ਫੁਲਕਾ

ਸੁੰਨਸਾਨ ਸੜਕ 'ਤੇ ਆਵਾਰਾ ਮੁੰਡਾ ਇੱਕ ਕੁੜੀ ਨੂੰ ਦੇਖ ਕੇ ਬੋਲਿਆ, "ਮੇਰੇ ਨਾਲ ਚੱਲੇਂਗੀ?"
ਕੁੜੀ, "ਕਿੱਥੇ?"
ਮੁੰਡਾ, "ਜਿੱਥੇ ਤੂੰ ਕਹੇਂ।"
ਕੁੜੀ, "ਚੰਗਾ ਤਾਂ ਫਿਰ ਪੁਲਸ ਸਟੇਸ਼ਨ ਚੱਲਦੇ ਹਾਂ।"
ਮੁੰਡਾ, "ਲੈ ਦੱਸ, ਬੰਦਾ ਆਪਣੀ ਭੈਣ ਨਾਲ ਮਜ਼ਾਕ ਵੀ ਨਹੀਂ ਕਰ ਸਕਦਾ?"


*********

ਚੋਰ (ਪਿਸਤੌਲ ਦਿਖਾਉਂਦੇ ਹੋਏ), "ਜੇ ਜ਼ਿੰਦਾ ਰਹਿਣਾ ਚਾਹੁੰਦਾ ਏਂ ਤਾਂ ਆਪਣਾ ਬਟੂਆ ਮੇਰੇ ਹਵਾਲੇ ਕਰ ਦੇ।"
ਸੁਨੀਲ, "ਇਹ ਲੈ।"
ਚੋਰ, "ਤੂੰ ਕਿੰਨਾ ਡਰਪੋਕ ਏਂ, ਮੇਰੀ ਪਿਸਤੌਲ ਵਿੱਚ ਗੋਲੀ ਹੀ ਨਹੀਂ ਸੀ, ਹਾ... ਹਾ... ਹਾ...।"
ਸੁਨੀਲ, "...ਤੇ ਮੇਰੇ ਬਟੂਏ ਵਿੱਚ ਵੀ ਪੈਸੇ ਕਿੱਥੇ ਹਨ।"

*********

ਛੋਟੇ ਬੱਚੇ ਨੇ ਦਰਵਾਜ਼ਾ ਖੋਲ੍ਹਿਆ ਅਤੇ ਆਪਣੀ ਦੀਦੀ ਦੇ ਬੁਆਏ ਫਰੈਂਡ ਨੂੰ ਦੇਖ ਕੇ ਮਾਸੂਮੀਅਤ ਨਾਲ ਬੋਲਿਆ, "ਤੁਸੀਂ ਰੋਜ਼-ਰੋਜ਼ ਮੇਰੀ ਦੀਦੀ ਨੂੰ ਮਿਲਣ ਆਉਂਦੇ ਹੋ, ਕੀ ਤੁਹਾਡੀ ਆਪਣੀ ਦੀਦੀ ਨਹੀਂ ਹੈ।"

ਮਹਿੰਦਰ ਨੇ ਵੇਟਰ ਨੂੰ ਸਭ ਤੋਂ ਮਹਿੰਗੀ



ਡਿਸ਼ ਲਿਆਉਣ ਲਈ ਕਿਹਾ।
ਵੇਟਰ ਬੋਲਿਆ, "ਠੀਕ ਹੈ ਸਾਹਬ, ਪੈਟਰੋਲ ਵਿੱਚ ਤਲੇ ਹੋਏ ਪਿਆਜ਼ ਦੇ ਪਕੌੜੇ ਲਿਆਉਂਦਾ ਹਾਂ।"

*********

ਅੱਧੀ ਰਾਤ ਨੂੰ ਗਲੀ ਵਿੱਚ ਰੌਲਾ ਪੈਂਦਾ ਸੁਣ ਕੇ ਪਤੀ ਦੀ ਅੱਖ ਖੁੱਲ੍ਹੀ। ਉਸ ਨੇ ਬਾਹਰ ਆ ਕੇ ਲੋਕਾਂ ਨੂੰ ਪੁੱਛਿਆ, "ਕੀ ਹੋਇਆ ਬਈ?"
ਲੋਕਾਂ ਨੇ ਕਿਹਾ, "ਸਾਵਧਾਨ ਰਹੋ, ਪਾਣੀ ਵਿੱਚ ਜ਼ਹਿਰ ਹੈ। ਕੋਈ ਪਾਣੀ ਨਾ ਪੀਓ।"
ਇਹ ਸੁਣ ਕੇ ਪਤੀ ਫਟਾਫਟ ਘਰ ਵਾਪਸ ਆਇਆ। ਪਤਨੀ ਨੇ ਪੁੱਛਿਆ, "ਇਹ ਰੌਲਾ ਕਿੱਦਾਂ ਦਾ ਪੈ ਰਿਹਾ ਹੈ?"
ਪਤੀ, "ਕੁਝ ਨਹੀਂ ਹੋਇਆ, ਫਾਲਤੂ ਲੋਕ ਹਨ। ਤੂੰ ਪਾਣੀ ਪੀ ਕੇ ਚੁੱਪਚਾਪ ਸੌਂ ਜਾ।"

*********

ਜਵਾਈ (ਸਹੁਰੇ ਨੂੰ), "ਪਿਤਾ ਜੀ, ਤੁਹਾਡੀ ਬੇਟੀ ਨੇ ਨੱਕ ਵਿੱਚ ਦਮ ਕੀਤਾ ਹੋਇਆ ਹੈ।"ਸਹੁਰਾ, "ਬੇਟਾ, ਮੇਰੇ ਬਾਰੇ ਸੋਚ, ਮੇਰੇ ਕੋਲ ਤਾਂ ਉਸ ਦੀ ਵੀ ਮਾਂ ਹੈ।"

## ਪੰਜਾਬ ਭਾਜਪਾ ’ਚ ਅੰਦਰੂਨੀ ਕਲੇਸ਼ ਕਾਰਨ ਪਾਰਟੀ ਕਾਰਕੁਨਾਂ ਨੇ ਸੂਬਾ ਸੈਕਟਰੀ ਖਿਲਾਫ ਮੋਰਚਾ ਖੋਲ੍ਹਿਆ

ਕੋਟਕਪੂਰਾ, 21 ਫਰਵਰੀ (ਪੋਸਟ ਬਿਊਰੋ)- ਨਗਰ ਕੌਂਸਲ ਚੋਣਾਂ ਵਿੱਚ ਕਰਾਰੀ ਹਾਰ ਮਗਰੋਂ ਭਾਜਪਾ ਵਿੱਚ ਕਲੇਸ਼ ਸ਼ੁਰੂ ਹੋ ਗਿਆ ਹੈ। ਸੋਸ਼ਲ ਮੀਡੀਆ ਉੱਤੇ ਵੀ ਇਹ ਕਲੇਸ਼ ਸਪੱਸ਼ਟ ਦਿਖਾਈ ਦੇ ਰਿਹਾ ਹੈ।

ਕੱਲ੍ਹ ਇਥੇ ਭਾਜਪਾ ਦੇ ਪੰਜਾਬ ਦੇ ਇੱਕ ਧੜੇ ਨੇਇਸ ਪਾਰਟੀ ਦੀ ਸੂਬਾ ਸੈਕਟਰੀ ਸੁਨੀਤਾ ਗਰਗ ਦੇ ਖਿਲਾਫ ਪ੍ਰੈੱਸ ਕਾਨਫਰੰਸ ਕਰ ਕੇ ਉਨ੍ਹਾਂ ਉੱਤੇ ਦੋਸ਼ ਲਾਏ ਅਤੇ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢਣ ਦੀ ਮੰਗ ਕੀਤੀ। ਮੀਟਿੰਗ ਵਿੱਚ ਸਟੇਟ ਇਨਵਾਈਟੀ ਮੈਂਬਰ ਜੈਪਾਲ ਗਰਗ, ਸਾਬਕਾ ਜ਼ਿਲ੍ਹਾ ਜਨਰਲ ਸੈਕਟਰੀ ਮਦਨ ਗੋਪਾਲ, ਸਾਬਕਾ ਮੰਡਲ ਪ੍ਰਧਾਨ ਮਦਨ ਗੋਪਾਲ ਅਤੇ ਹੋਰਨਾਂ ਨੇ ਸੂਬਾਸੈਕਟਰੀ ਉੱਤੇ ਚੋਣਾਂ ਦੌਰਾਨ ਉਮੀਦਵਾਰਾਂ ਨੂੰ ਪਾਰਟੀ ਵੱਲੋਂ ਭੇਜੇ ਫੰਡਾਂ ਵਿੱਚ ਘਪਲੇ ਕਰਨ ਦੇ ਦੋਸ਼ ਲਾਏ। ਜੈਪਾਲ ਗਰਗ ਨੇ ਕਿਹਾ ਕਿ ਉਮੀਦਵਾਰਾਂ ਨੂੰ ਚੋਣ ਮੁਹਿੰਮ ਚਲਾਉਣ ਲਈ ਹਾਈਕਮਾਂਡ ਨੇ ਕਰੀਬ 13 ਲੱਖ ਰੁਪਏ ਭੇਜੇ ਸਨ, ਪਰ ਇਹ ਰਕਮ ਪੂਰੀ ਤਰ੍ਹਾਂ ਵੰਡੀ ਨਹੀਂ ਗਈ।

ਮੀਟਿੰਗ ਵਿੱਚ ਮੌਜੂਦ ਜੈਤੋ ਦੇ ਇੱਕ ਵਾਰਡ ਵਿੱਚੋਂ ਚੋਣ ਲੜੇ ਰਾਜ ਕੁਮਾਰ ਸ਼ਰਮਾ ਨੇ ਕਿਹਾ ਕਿ ਮੰਡਲ ਪ੍ਰਧਾਨ ਨੇ ਉਸ ਦੇ ਵਿਰੁੱਧ ਕਾਂਗਰਸੀ ਉਮੀਦਵਾਰ ਦਾ ਪੋਲਿੰਗ ਏਜੰਟ ਬਣ ਕੇ ਪਾਰਟੀ ਦੀ ਬੇੜੀ ਡੋਬੀ ਹੈ। ਉਸ ਨੇ ਮੰਗ ਕੀਤੀ ਕਿ ਹਾਈਕਮਾਂਡ ਨੂੰ ਇਸ ਜ਼ਿਲ੍ਹੇ ਵਿੱਚ ਪਾਰਟੀ ਟਿਕਟ ਉੱਤੇ ਚੋਣ ਲੜਨ ਵਾਲੇ ਸਾਰੇ ਉਮੀਦਵਾਰਾਂ ਨੂੰ ਪੁੱਛ ਕੇ ਸਥਿਤੀ ਦਾ ਸਹੀ ਜਾਇਜ਼ਾ ਲੈਣਾ ਚਾਹੀਦਾ ਸੀ। ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਸੁਨੀਤਾ ਗਰਗ ਨੇ ਜੈਪਾਲ ਗਰਗ ਅਤੇ ਹੋਰਨਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਸੀ, ਜਿਸ ਨਾਲ ਪਾਰਟੀ ਵਿੱਚ ਨਿਘਾਰ ਆਇਆ।

# ਮੈਟ੍ਰੀਮੋਨੀਅਲ ਸਾਈਟ ’ਤੇ ਮਿਲੇ ਇੰਗਲੈਂਡ ਵਾਸੀ ਨੌਜਵਾਨ ਨੇ ਲੜਕੀ ਤੋਂ 20.37 ਲੱਖ ਰੁਪਏ ਠੱਗੇ

ਲੁਧਿਆਣਾ, 21 ਫਰਵਰੀ (ਪੋਸਟ ਬਿਊਰੋ)- ਮੈਟ੍ਰੀਮੋਨੀਅਲ ਸਾਈਟ ‘ਜੀਵਨਸਾਥੀ ਡਾਟ ਕਾਮ' ਦੇ ਰਾਹੀਂ ਨੌਜਵਾਨ ਨਾਲ ਵਿਆਹ ਦੀ ਗੱਲ ਹੋਣ ਪਿੱਛੋਂ ਉਸ ਨੌਜਵਾਨ ਨੇ ਆਪਣੇ ਸਾਥੀਆਂ ਨਾਲ ਸਾਜ਼ਿਸ਼ ਕਰ ਕੇ ਲੜਕੀ ਤੋਂ 20.37 ਲੱਖ ਰੁਪਏ ਠੱਗ ਲਏ। ਇਸ ਠੱਗੀ ਦਾ ਪਤਾ ਲੱਗਣ ਉੱਤੇ ਲੜਕੀ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ। ਇੱਕ ਸਾਲ ਦੀ ਜਾਂਚ ਪਿੱਛੋਂ ਥਾਣਾ ਮਾਡਲ ਟਾਊਨ ਦੀ ਪੁਲਸ ਨੇ ਦੋਸ਼ੀ ਨੌਜਵਾਨ ਸਣੇ ਨੌਂ ਜਣਿਆਂ ਉੱਤੇ ਕੇਸ ਦਰਜ ਕੀਤਾ ਹੈ। ਦੋਸ਼ੀ ਅਲੱਗ-ਅਲੱਗ ਸ਼ਹਿਰਾਂ ਵਿੱਚ ਰਹਿਣ ਵਾਲੇ ਹਨ। ਫਿਲਹਾਲ ਪੁਲਸ ਦੋਸ਼ੀਆਂ ਦੀ ਤਲਾਸ਼ ਵਿੱਚ ਲੱਗ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਦੁਗਰੀ ਦੀ ਰਹਿਣ ਵਾਲੀ ਹਿਨਾ ਢੀਂਗਰਾ ਨਾਂਅ ਦੀ ਲੜਕੀ ਨੇ ਮੈਟ੍ਰੀਮੋਨੀਅਲ ਸਾਈਟ ‘ਜੀਵਨਸਾਥੀ ਡਾਟ ਕਾਮ’ ਉੱਤੇ ਆਪਣਾ ਪ੍ਰੋਫਾਈਲ ਪਾਇਆ ਤਾਂ ਉਸ ਦੀ ਮੁਲਾਕਾਤ ਪ੍ਰਦੀਪ ਆਨੰਦ ਨਾਂਅ ਦੇ ਨੌਜਵਾਨ ਨਾਲ ਹੋਈ। ਪ੍ਰਦੀਪ ਆਨੰਦ ਨੇ ਦੱਸਿਆ ਕਿ ਉਹ ਇੰਲਗੈਂਡ ਵਿੱਚ ਰਹਿੰਦਾ ਹੈ। ਇਸ ਪਿੱਛੋਂ ਦੋਵਾਂ ਵਿੱਚ ਗੱਲਬਾਤ ਸ਼ੁਰੂ ਹੋ ਗਈ। ਲੜਕੀ ਮੁਤਾਬਕ ਨੌਜਵਾਨ ਨੇ ਉਸ ਨੂੰ ਦੱਸਿਆ ਕਿ ਉਹ 22 ਦਸੰਬਰ ਨੂੰ ਉਸ ਨੂੰ ਮਿਲਣ ਇੰਗਲੈਂਡ ਤੋਂ ਭਾਰਤ ਆ ਰਿਹਾ ਹੈ। ਫਿਰ ਉਸ ਦਾ




ਫੋਨ ਆਇਆ ਕਿ ਉਹ ਏਅਰਪੋਰਟ ਉੱਤੇ ਹੈ ਤੇ ਉਸ ਕੋਲ ਦੋ ਲੱਖ ਪੌਂਡ ਵਿਦੇਸ਼ੀ ਕਰੰਸੀ ਹੈ, ਉਸ ਨੂੰ ਏਅਰਪੋਰਟ ਉੱਤੇ ਕਸਟਮ ਵਾਲਿਆਂ ਨੇ ਫੜ ਲਿਆ ਹੈ ਤੇ ਉਸ ਨੂੰ ਅਜੇ ਦੋ ਲੱਖ ਰੁਪਏ ਇੰਡੀਅਨ ਕਰੰਸੀ ਦੀ ਲੋੜ ਹੈ।ਲੜਕੀ ਮੁਤਾ-ਬਕ ਉਹ ਪ੍ਰਦੀਪ ਆਨੰਦ ਦੇ ਝਾਂਸੇ ਵਿੱਚ ਆ ਗਈ ਅਤੇ ਉਸ ਨੇ ਦੋ ਲੱਖ ਰੁਪਏ ਉਸ ਦੇ ਖਾਤੇ ਵਿੱਚ ਟ੍ਰਾਂਸਫਰ ਕਰ ਦਿੱਤੇ। ਫਿਰ ਦੋਸ਼ੀ ਨੇ ਵੱਖ-ਵੱਖ ਨੰਬਰਾਂ ਤੋਂ ਕਾਲ ਕਰ ਕੇ ਵੱਖ-ਵੱਖ ਬੈਂਕ ਅਕਾਊਂਟ ਵਿੱਚ ਕਰੀਬ ਵੀਹ ਲੱਖ ਸੈਂਤੀ ਹਜ਼ਾਰ ਰੁਪਏ ਟ੍ਰਾਂਸਫਰ ਕਰਵਾ ਲਏ। ਲੜਕੀ ਦਾ ਕਹਿਣਾ ਹੈ ਕਿ ਪੈਸੇ ਲੈਣ ਦੇ ਬਾਅਦ ਨਾ ਦੋਸ਼ੀ ਦਾ ਫੋਨ ਲੱਗਾ ਅਤੇ ਨਾ ਉਸ ਨਾਲ ਕੋਈ ਗੱਲਬਾਤ ਹੋ ਸਕੀ ਤਾਂ ਉਸ ਨੂੰ ਖੁਦ ਦੇ ਠੱਗੇ ਜਾਣ ਦਾ ਅਹਿਸਾਸ ਹੋਇਆ ਤੇ ਸ਼ਿਕਾਇਤ ਪੁਲਸ ਨੂੰ ਦਿੱਤੀ। ਪੁਲਸ ਦਾ ਕਹਿਣਾ ਹੈ ਕਿ ਸਾਰੇ ਦੋਸ਼ੀ ਅਲੱਗ-ਅਲੱਗ ਸ਼ਹਿਰਾਂ ਦੇ ਹਨ, ਉਨ੍ਹਾਂ ਨੂੰ ਫੜਨ ਦੇ ਲਈ ਜਲਦੀ ਹੀ ਟੀਮਾਂ ਬਣਾ ਕੇ ਭੇਜੀਆਂ ਜਾਣਗੀਆਂ।

## ਵਿਦੇਸ਼ ਭੇਜਣ ਦੇ ਨਾਂਅ ’ਤੇ 6.53 ਲੱਖ ਠੱਗਣ ਵਾਲੇ ਚਾਰ ਨਾਮਜ਼ਦ

ਲੁਧਿਆਣਾ, 21 ਫਰਵਰੀ (ਪੋਸਟ ਬਿਊਰੋ)- ਟ੍ਰੈਵਲ ਏਜੰਟ ਵੱਲੋਂ ਠੱਗੀ ਮਾਰਨ ਦੇ ਦੋ ਵੱਖ-ਵੱਖ ਕੇਸ ਪਤਾ ਲੱਗੇ ਹਨ, ਜਿਸ ਵਿੱਚ ਚਾਰ ਜਣਿਆਂ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਹੈ।

ਪਹਿਲੇ ਕੇਸ ਵਿੱਚ ਥਾਣਾ ਨੰਬਰ ਛੇ ਵਿੱਚ ਸ਼ਿਕਾਇਤਕਰਤਾ ਅਮਨਦੀਪ ਯਾਦਵ ਪੁੱਤਰ ਰਾਜ ਕੁਮਾਰ ਯਾਦਵ ਵਾਸੀ ਸ਼ਹੀਦ ਭਗਤ ਸਿੰਘ ਨਗਰ ਲੁਧਿਆਣਾ ਨੇ ਕਿਹਾ ਕਿ ਉਸ ਨੇ ਆਪਣੇ ਦੋ ਦੋਸਤਾਂ ਨਾਲ ਜਾਰਡਨ ਜਾਣ ਲਈ ਟ੍ਰੈਵਲ ਏਜੰਟ ਨਵਨੀਤ ਸਿੰਘ ਧਾਲੀਵਾਲ ਨਾਲ ਸੰਪਰਕ ਕੀਤਾ। ਇਸ ਏਜੰਟ ਨੇ ਤਿੰਨਾਂ ਨੂੰ ਵਿਦੇਸ਼ ਭੇਜਣ ਲਈ ਵੱਖ-ਵੱਖ ਸਮੇਂ ਵਿੱਚ ਉਨ੍ਹਾਂ ਤੋਂ ਛੇ ਲੱਖ ਰੁਪਏ ਲਏ ਤੇਫੇਰ ਟਾਲ ਮਟੋਲ ਕਰਦਾ ਰਿਹਾ। ਇਸ ਤਰ੍ਹਾਂ ਉਸ ਨੇ ਨਾ ਵਿਦੇਸ਼ ਭੇਜਿਆ ਅਤੇ ਨਾ ਪੈਸੇ ਵਾਪਸ ਕੀਤੇ। ਪੁਲਸ ਨੇ ਜਾਂਚ ਦੇ ਬਾਅਦ ਟ੍ਰੈਵਲ ਏਜੰਟ ਨਵਨੀਤ ਸਿੰਘ ਧਾਲੀਵਾਲ ਪੁੱਤਰ ਰਾਜਿੰਦਰ ਸਿੰਘ ਵਾਸੀ ਕੋਟ ਮੰਗਲ ਸਿੰਘ ਲੁਧਿਆਣਾ ਦੇ ਖਿਲਾਫ ਇਮੀਗਰੇਸ਼ਨ ਐਕਟ ਦਾ ਕੇਸ ਦਰਜ ਕਰ ਲਿਆ ਹੈ।

ਦੂਸਰੇ ਕੇਸ ਵਿੱਚ ਥਾਣਾ ਅੱਠ ਵਿੱਚ ਸ਼ਿਕਾਇਤਕਰਤਾ ਅਭਿਸ਼ੇਕ ਸਭਰਵਾਲ ਪੁੱਤਰ ਰਾਜੇਸ਼ ਕੁਮਾਰ ਬਾਜਰੀਆ ਮੁਹੱਲਾ ਲੁਧਿਆਣਾ ਨੇ ਦੱਸਿਆ ਕਿ ਉਸ ਨੇ ਆਪਣੀ ਪਤਨੀ ਨਾਲ ਦੁਬਈ ਲਈ ਟੂਰਿਸਟ ਵੀਜ਼ਾ ਲਵਾਉਣ ਲਈ ਟ੍ਰੈਵਲ ਏਜੰਟ ਮੌਸਮ ਅਲੀ ਰਹਿਮਾਨੀ, ਸੌਰਬ ਕੁਮਾਰ, ਰੋਹਿਤ ਰਾਜਪੂਤ ਦਿੱਲੀ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਟੂਰਿਸਟ ਵੀਜ਼ਾ ਲਵਾਉਣ ਦੇ ਬਦਲੇ 53,000 ਰੁਪਏ ਦੀ ਮੰਗ ਕੀਤੀ, ਜਿਹੜੀ ਪੂਰੀ ਕਰ ਦਿੱਤੀ ਗਈ,ਪਰ ਇਨ੍ਹਾਂ ਏਜੰਟਾਂ ਨੇ ਰੁਪਏ ਲੈ ਕੇ ਵੀਜ਼ਾ ਨਾ ਲਵਾ ਕੇ ਉਨ੍ਹਾਂ ਨਾਲ ਧੋਖਾ ਕੀਤੀ। ਜਾਂਚ ਦੇ ਬਾਅਦ ਪੁਲਸ ਨੇ ਦੋਸ਼ੀਆਂ ਖਿਲਾਫ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ। ਮਿਲੀ ਜਾਣਕਾਰੀ ਵਿੱਚ ਇਹ ਸਾਰੇ ਦੋਸ਼ੀ ਅਜੇ ਤੱਕ ਪੁਲਸ ਦੀ ਗ੍ਰਿਫਤ ਵਿੱਚੋਂ ਬਾਹਰ ਹਨ।

## ਕੈਸ਼ੀਅਰ ਤੋਂ ਡੇਢ ਲੱਖ ਰੁਪਏ ਲੁੱਟਣ ਵਾਲਾ ਪੁਲਸ ਮੁਲਾਜ਼ਮ ਗ੍ਰਿਫਤਾਰ

ਚੰਡੀਗੜ੍ਹ, 21 ਫਰਵਰੀ (ਪੋਸਟ ਬਿਊਰੋ)- ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਸੈਕਟਰ 34 ਦੇ ਪੈਟਰੋਲ ਪੰਪ ਦੇ ਕੈਸ਼ੀਅਰ ਆਕਾਸ਼ਦੀਪ ਤੋਂ ਲਿਫਟ ਲੈ ਕੇ ਉਸ ਤੋਂ ਡੇਢ ਲੱਖ ਰੁਪਏ ਲੁੱਟਣ ਦੇ ਦੋਸ਼ ਵਿੱਚ ਪੰਜਾਬ ਪੁਲਸ ਦੇ ਮੁਲਾਜ਼ਮ ਨੂੰ ਚੰਡੀਗੜ੍ਹ ਪੁਲਸ ਨੇ ਕੱਲ੍ਹ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਉਸ ਕੋਲੋਂ ਲੁੱਟੇ ਗਏ ਡੇਢ ਲੱਖ ਵਿੱਚੋਂ ਨੱਬੇ ਹਜ਼ਾਰ ਰੁਪਏ ਬਰਾਮਦ ਕਰ ਲਏ ਹਨ। ਫੜੇ ਗਏ ਦੋਸ਼ੀ ਦੀ ਪਛਾਣ ਪੰਜਾਬ ਪੁਲਸ ਦੇ ਮੁਲਾਜ਼ਮ ਲਵਪ੍ਰੀਤ ਸਿੰਘ ਵਜੋਂ ਹੋਈ ਹੈ। ਦੋਸ਼ੀ ਲਵਪ੍ਰੀਤ ਪੰਜਾਬ ਪੁਲਸ ਦੀ ਬਟਾਲੀਅਨ 75/282 ਪੀ ਏ ਪੀ ਵਿੱਚ ਤੈਨਾਤ ਹੈ। ਉਹ ਗੁਰਦਾਸਪੁਰ ਜ਼ਿਲੇ ਦੇ ਪਿੰਡ ਮਾੜੀ ਪਨੂੰਆਂ ਵਸਨੀਕ ਹੈ। ਲਵਪ੍ਰੀਤ ਸਿੰਘ ਦੀਡਿਊਟੀ ਇਸ ਸਮੇਂ ਪੰਜਾਬ ਵਿਧਾਨ ਸਭਾ ਗੇਟ ਉੱਤੇ ਲੱਗੀ ਸੀ। ਸੈਕਟਰ 26 ਥਾਣੇਦੀ ਪੁਲਸ ਨੇ ਦੋਸ਼ੀ ਦੇ ਖਿਲਾਫ ਧਾਰਾ 379 ਦਾ ਕੇਸ ਦਰਜ ਕੀਤਾ ਹੈ। ਡੀ ਐਸ ਪੀ ਈਸਟ ਗੁਰਮੁਖ ਸਿੰਘ ਦੀ ਨਿਗਰਾਨੀ ਵਿੱਚ ਬਣਾਈ ਗਈ ਇੱਕ ਟੀਮਵਿਚਲੇ ਸੈਕਟਰ 26 ਥਾਣੇ ਦੇ ਐਸ ਐਚ ਓ ਜਸਬੀਰ ਸਿੰਘ ਨੂੰ ਕੱਲ੍ਹ ਇੱਕ ਅਣਪਛਾਤੇ ਵਿਅਕਤੀ ਨੇ ਟਿੱਪ ਦਿੱਤੀ ਕਿ ਪੈਟਰੋਲ ਪੰਪ ਦੇ ਕੈਸ਼ੀਅਰ ਤੋਂ ਡੇਢ ਲੱਖ ਦੀ ਲੁੱਟ ਦੀ ਵਾਰਦਾਤ ਦਾ ਦੋਸ਼ੀ ਪੰਜਾਬ ਸੈਕਟਰੀਏਟ ਦੇ ਆਲੇ-ਦੁਆਲੇ ਘੁੰਮ ਰਿਹਾ ਹੈ। ਇਸ ਉੱਤੇ ਇੰਸਪੈਕਟਰ ਨੇ ਆਪਣੀ ਟੀਮ ਨਾਲ ਟਰੈਪ ਲਾ ਕੇ ਦੋਸ਼ੀ ਨੂੰ ਫੜ ਲਿਆ। ਜਦ ਉਸ ਤੋਂ ਪੁੱਛਗਿੱਛ ਕੀਤੀ ਅਤੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ ਨੱਬੇ ਹਜ਼ਾਰ ਰੁਪਏ ਬਰਾਮਦ ਹੋ ਗਏ। ਇਸ ਦੇ ਇਲਾਵਾ ਉਸ ਨੇ ਆਪਣਾ ਜੁਰਮ ਵੀ ਮੰਨ ਲਿਆ।

## ਪਿਓ-ਪੁੱਤ ਵੱਲੋਂ ਕੁੱਟਮਾਰ ਕਰਨ ਨਾਲ ਦੁਕਾਨਦਾਰ ਦੀ ਮੌਤ ਮਗਰੋਂ ਦੋਵੇਂ ਫਰਾਰ

ਲੁਧਿਆਣਾ, 21 ਫਰਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੀ ਧਾਂਦਰਾ ਰੋਡ ਦੇ ਇਲਾਕੇ ਬਾਬਾ ਇੰਦਰ ਸਿੰਘ ਨਗਰ ਵਿੱਚ ਕੱਲ੍ਹ ਦੇਰ ਰਾਤ ਇੱਕ ਵਿਅਕਤੀ ਦੀ ਇਲਾਕੇ ਵਿੱਚ ਰਹਿਣ ਵਾਲੇ ਪਿਓ-ਪੁੱਤ ਨੇ ਕੁੱਟਮਾਰ ਕਰ ਕੇ ਹੱਤਿਆ ਕਰ ਦਿੱਤੀ ਅਤੇਇਸ ਤੋਂ ਬਾਅਦ ਦੋਵੇਂ ਦੋਸ਼ੀ ਪਿਓ ਪੁੱਤ ਮੌਕੇ ਤੋਂ ਫਰਾਰ ਹੋ ਗਏ।

ਸੂਚਨਾ ਮਿਲਦੇ ਸਾਰ ਥਾਣਾ ਸਦਰ ਪੁਲਸ ਮੌਕੇ ਉੱਤੇ ਪਹੁੰਚੀ, ਜਿਸ ਨੇ ਪੀੜਤ ਪਰਵਾਰ ਦੇ ਬਿਆਨਾਂ ਉੱਤੇਦੋਸ਼ੀ ਪਿਓ ਪੁੱਤ ਦੇ ਖਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਪਛਾਣ ਚਾਲੀ ਸਾਲਾ ਪਸ਼ੂਪਤੀ ਝਾਅ ਉਰਫ ਪਵਨ ਕੁਮਾਰ ਝਾਅ ਵਜੋਂ ਹੋਈ ਹੈ। ਉਸ ਦੇ ਭਰਾ ਸੁੰਦਰ ਕੁਮਾਰ ਨੇ ਦੱਸਿਆ ਕਿ ਉਹ ਜੱਦੀ ਤੌਰ ਉੱਤੇ ਰਾਘੋ ਜ਼ਿਲ੍ਹਾ ਦਰਭੰਗਾ (ਬਿਹਾਰ) ਦੇ ਰਹਿਣ ਵਾਲੇ ਹਨ ਤੇ ਉਸ ਦਾ ਭਰਾ ਪਵਨ ਫੁੱਲਾਂਵਾਲ ਇਲਾਕੇ ਵਿੱਚ ਕਰਿਆਨੇ ਦੀ ਦੁਕਾਨ ਕਰਦਾ ਸੀ। ਕੱਲ੍ਹ ਰਾਤ ਉਹ ਆਪਣੀ ਦੁਕਾਨ ਉੱਤੇ ਮੌਜੂਦ ਸੀ, ਜਿੱਥੇ ਮੁਲਜ਼ਮ ਮੋਹਨ ਆ ਗਿਆ ਤੇ ਉਸ ਨਾਲ ਕਿਸੇ ਗੱਲ ਤੋਂ ਝਗੜਾ ਕਰਨ ਲੱਗਾ ਪਿਆ। ਜਦ ਗੱਲ ਹੱਥੋਪਾਈ ਤੱਕ ਪਹੁੰਚੀ ਤਾਂ ਦੋਸ਼ੀ ਦਾ



ਲੜਕਾ ਅਭਿਸ਼ੇਕ ਵੀ ਮੌਕੇ ਉੱਤੇ ਪਹੁੰਚ ਗਿਆ। ਦੋਵਾਂ ਨੇ ਉਸ ਦੇ ਭਰਾ ਨਾਲ ਕੁੱਟਮਾਰ ਸ਼ੁਰੂ ਕਰ ਦਿੱਤੀ। ਇਸ ਦੌਰਾਨ ਸੱਟ ਲੱਗਣ ਕਾਰਨ ਪਵਨ ਡਿੱਗ ਪਿਆ। ਉਨ੍ਹਾਂ ਉਸ ਨੂੰ ਪ੍ਰਾਈਵੇਟ ਹਸਪਤਾਲ ਪੁਚਾਇਆ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਮ੍ਰਿਤਕ ਦੇ ਭਰਾ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਦਾ ਉਸ ਦੇ ਭਰਾ ਨਾਲ ਪਹਿਲਾਂ ਵੀ ਝਗੜਾ ਹੋਇਆ ਸੀ, ਪਰ ਇਲਾਕੇ ਦੇ ਲੋਕਾਂ ਨੇ ਵਿੱਚ ਪੈ ਕੇ ਮਾਮਲਾ ਸ਼ਾਂਤ ਕਰਵਾ ਦਿੱਤਾ ਸੀ।ਥਾਣਾ ਸਦਰ ਦੇਮੁਖੀ ਜਗਦੇਵ ਸਿੰਘ ਨੇ ਦੱਸਿਆ ਕਿ ਪੀੜਤ ਪਰਵਾਰ ਦੇ ਬਿਆਨਾਂ ਉੱਤੇ ਮੁਲਜ਼ਮਾਂ ਖਿਲਾਫ ਹੱਤਿਆ ਦਾ ਮਾਮਲਾ ਦਰਜ ਕਰ ਕੇ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

## ਖੇਤੀ ਕਾਨੂੰਨਾਂ ਤੇ ਕਰਜ਼ੇ ਤੋਂ ਦੁਖੀ ਕਿਸਾਨ ਪਿਓ-ਪੁੱਤ ਵੱਲੋਂ ਖੁਦਕੁਸ਼ੀ

ਦਸੂਹਾ, 21 ਫਰਵਰੀ (ਪੋਸਟ ਬਿਊਰੋ)- ਕੱਲ੍ਹ ਪਿੰਡ ਮਹੱਦੀਪੁਰ ਵਿਖੇ ਪਿਓ ਪੁੱਤਰ ਨੇ ਕਾਲੇ ਖੇਤੀ ਕਾਨੂੰਨਾਂ ਤੋਂ ਦੁਖੀ ਹੋ ਕੇ ਅਤੇ ਕਰਜ਼ਾ ਮੁਆਫ ਨਾ ਹੋਣ ਕਰ ਕੇ ਜ਼ਹਿਰੀਲਾ ਪਦਾਰਥ ਖਾ ਕੇ ਖੁਦਕੁਸ਼ੀ ਕਰ ਲਈ।

ਮਿਲੀ ਜਾਣਕਾਰੀ ਅਨੁਸਾਰ ਜਗਤਾਰ ਸਿੰਘ ਪੁੱਤਰ ਗੁਰਦਿਆਲ ਸਿੰਘ (70) ਅਤੇ ਉਸ ਦੇ ਪੁੱਤਰ ਕ੍ਰਿਪਾਲ ਸਿੰਘ (45) ਨੇ ਮੋਦੀ ਸਰਕਾਰ ਵੱਲੋਂ ਜਾਰੀ ਕੀਤੇ ਖੇਤੀ ਕਾਨੂੰਨਾਂ ਤੋਂ ਦੁਖੀ ਹੋ ਕੇ ਅਤੇ ਆਪਣੇ ਕਰਜ਼ੇ ਮੁਆਫ ਨਾ ਹੋਣ ਕਰ ਕੇ ਖੁਦਕੁਸ਼ੀ ਕਰ ਲਈ ਹੈ। ਕੱਲ੍ਹ ਰਾਤ ਉਹ ਦੋਵੇਂ ਆਪਣੇ ਘਰਸੁੱਤੇ ਸਨ। ਸਵੇਰੇ ਜਦੋਂ ਨਾ ਉਠੇ ਤਾਂ ਕ੍ਰਿਪਾਲ ਸਿੰਘ ਦੇ ਵੱਡੇ ਭਰਾ ਇੰਦਰਜੀਤ ਸਿੰਘ ਨੇ ਲਗਭਗ ਸਾਢੇ ਅੱਠ ਵਜੇ ਕਮਰੇ ਅੰਦਰ ਜਾ ਕੇ ਦੇਖਿਆ ਤਾਂ ਦੋਵਾਂ ਨੇ ਖੁਦਕੁਸ਼ੀ ਕਰ ਲਈ ਸੀ। ਇਸ ਬਾਰੇ ਥਾਣਾ ਦਸੂਹਾ ਵਿਖੇ ਪੁਲਸ ਨੂੰ ਸੂਚਿਤ ਕੀਤਾ ਤਾਂ ਡੀ ਐਸ ਪੀ ਦਸੂਹਾ ਮਨੀਸ਼ ਕੁਮਾਰ ਓਥੇ ਪਹੁੰਚੇ। ਜਗਤਾਰ ਸਿੰਘ, ਜੋ ਪਿੰਡ ਮਹੱਦੀਪੁਰ ਦਾ ਨੰਬਰਦਾਰ ਦੱਸਿਆ ਜਾ ਰਿਹਾ ਹੈ, ਦੀ ਜ਼ਮੀਨ ਕਰੀਬ ਇੱਕ ਏਕੜ ਦੱਸੀ ਗਈ ਹੈ। ਉਸ ਨੇ ਖੁਦਕੁਸ਼ੀ ਨੋਟ ਵਿੱਚ ਲਿਖਿਆ ਕਿ ਉਹ ਕੋਆਪਰੇਟਿਵ ਸੁਸਾਈਟੀ ਦੇ ਕਰਜ਼ੇ ਤੋਂ ਦੁਖੀ ਹੋ ਕੇ ਖੁਦਕੁਸ਼ੀ ਕਰ ਰਿਹਾ ਹੈ, ਕਿਉਂਕਿ ਪੰਜਾਬ ਸਰਕਾਰ ਨੇ ਕਿਹਾ ਸੀ ਕਿ ਸਾਰੇ ਜ਼ਿਮੀਂਦਾਰਾਂ ਦਾ ਕਰਜ਼ਾ ਮੁਆਫ ਕਰਾਂਗੇ, ਪਰ ਉਸ ਦਾ ਕਰਜ਼ਾ ਮੁਆਫ ਨਹੀਂ ਹੋਇਆ ਤੇ ਦੂਜਾ ਮੋਦੀ ਸਰਕਾਰ ਕਾਲੇ ਤਿੰਨ ਕਾਨੂੰਨ ਵਾਪਸ ਨਹੀਂ ਲੈ ਰਹੀ। ਰੋਜ਼ ਸੁਣ-ਸੁਣ ਕੇ ਦੁੱਖ ਲੱਗਦਾ ਹੈ ਕਿ ਸਾਰਾ ਸਿਆਲ ਜ਼ਿਮੀਂਦਾਰਾਂ ਨੇ ਦਿੱਲੀ ਦੇ ਬਾਰਡਰਾਂ ਉੱਤੇ ਕੱਢ ਦਿੱਤਾ, ਪਰ ਸਰਕਾਰ ਨਹੀਂ ਮੰਨਦੀ, ਅਸੀਂ ਰੋਜ਼ ਅਖਬਾਰ ਪੜ੍ਹਦੇ ਹਾਂ ਤੇ ਟੈਲੀਵਿਜ਼ਨ ਉੱਤੇ ਬਹਿਸ ਵੀ ਸੁਣਦੇ ਹਾਂ ਤੇ ਬਹੁਤ ਜ਼ਿਆਦਾ ਦੁਖੀ ਹੋ ਕੇ ਅਸੀਂ ਆਪਣੀ ਜ਼ਿੰਦਗੀ ਖਤਮ ਕਰ ਰਹੇ ਹਾਂ।

TRUCK FOR SALE

2017 Cascadia freightliner (Manual Truck)








891241 km, DD 15 motor, New tune up, Def filter already changed, Front tire is brand new, rear tire is 70%, Bunk heater working, Fridge is working

Contact: 647 960 7989

## ਪੁੱਤਰ ਦੇ ਵਿਆਹ ਵਿੱਚ ਐਸ ਐਚ ਓ ਵੱਲੋਂ ਅਸਾਲਟ ਰਾਈਫਲ ਨਾਲ ਫਾਇਰ

### * ਦੋਵਾਂ ਪੁਲਸ ਮੁਲਾਜ਼ਮਾਂ ਉੱਤੇ ਕੇਸ ਦਰਜ

ਫਿਰੋਜ਼ਪੁਰ, 21 ਫਰਵਰੀ (ਪੋਸਟ ਬਿਊਰੋ)- ਪੁਲਸ ਮੁਲਾਜ਼ਮਦੀ ਸਰਕਾਰੀ ਅਸਾਲਟ ਰਾਈਫਲ ਨਾਲ ਪੁੱਤਰ ਦੇ ਵਿਆਹ ਵਿੱਚ ਐਸ ਐਚ ਓ ਨਾਲ ਸਟੇਜ ਉੱਤੇ ਚੜ੍ਹ ਕੇ ਫਾਇਰਿੰਗ ਕਰਨ ਦੇ ਦੋਸ਼ ਵਿੱਚ ਸਬ ਇੰਸਪੈਕਟਰ ਅਤੇ ਏ ਐਸ ਆਈ ਦੇ ਖਿਲਾਫ ਥਾਣਾ ਘੱਲਖੁਰਦ ਵਿੱਚ ਕੇਸ ਦਰਜ ਕੀਤਾ ਗਿਆ ਹੈ। ਦੋਵਾਂ ਪੁਲਸ ਮੁਲਾਜ਼ਮਾਂ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ। ਡੀ ਆਈ ਜੀ ਦਫਤਰ ਨੇ ਜਾਂਚ ਲਈ ਕੇਸ ਐਸ ਪੀ ਇਨਵੈਸਟੀਗੇਸ਼ਨ ਦੇ ਕੋਲ ਭੇਜਿਆ।

ਜਾਂਚ ਦੇ ਬਾਅਦ ਕਾਰਵਾਈ ਲਈ ਭੇਜੇ ਪੱਤਰ ਅਨੁਸਾਰ ਇਸ ਬਾਰੇ ਵੀਡੀਓ ਸੀ ਡੀ ਵੀ ਦਿੱਤੀ ਗਈ ਹੈ, ਜਿਸ ਦੀ ਖੁਫੀਆ ਜਾਂਚ ਵਿੱਚ ਪਾਇਆ ਗਿਆ ਕਿ 10 ਜਨਵਰੀ ਨੂੰ ਏ ਐਸ ਆਈ ਜਗਰੂਪ ਸਿੰਘ ਦੇ ਬੇਟੇ ਦੇ ਵਿਆਹ ਵਿੱਚ ਥਾਣਾ ਘੱਲਖੁਰਦ ਦੇ ਐਸ ਐਚ ਓ ਸਬ ਇੰਸਪੈਕਟਰ ਗੁਰਤੇਜ ਸਿੰਘ ਅਤੇ ਏ



ਐਸ ਆਈ ਜਗਰੂਪ ਸਿੰਘ ਦੋਵੇਂ ਪੁਲਸ ਮੁਲਾਜ਼ਮ ਅਸਾਲਟ ਰਾਇਫਲ ਨਾਲ ਫਾਇਰ ਕਰਦੇ ਰਹੇ ਸਨ। ਦੋਵਾਂ ਵੱਲੋਂ ਆਮ ਲੋਕਾਂ ਦੀ ਮੌਜੂਦਗੀ ਵਿੱਚ ਸਮਾਰੋਹ ਦੀ ਸਟੇਜ ਉੱਤੇ ਚੜ੍ਹ ਕੇ ਸ਼ਰੇਆਮ ਫਾਇਰ ਕਰਨਾ ਆਮ ਲੋਕਾਂ ਦੇ ਲਈ ਖਤਰੇ ਭਰਿਆ ਹੋ ਸਕਦਾ ਸੀ। ਜਾਂਚ ਕਰ ਰਹੇ ਥਾਣਾ ਘੱਲਖੁਰਦ ਦੇ ਏ ਐਸ ਆਈ ਜਜਪਾਲ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਗੁਰਤੇਜ ਸਿੰਘ ਅਤੇ ਏ ਐਸ ਆਈ ਜਗਰੂਪ ਸਿੰਘ ਉੱਤੇ ਧਾਰਾ 336 ਅਤੇ 34 ਆਈ ਪੀ ਸੀ ਦਾ ਕੇਸ ਦਰਜ ਕੀਤਾ ਗਿਆ ਹੈ।

## ਨਕਲੀ ਪੁਲਸੀਏ ਚੈਕਿੰਗ ਦੇ ਬਹਾਨੇ ਨਾਲ ਸੱਤ ਲੱਖ ਰੁਪਏ ਦੀ ਨਕਦੀ ਲੈ ਕੇ ਫਰਾਰ

ਫਗਵਾੜਾ, 21 ਫਰਵਰੀ (ਪੋਸਟ ਬਿਊਰੋ)- ਫਗਵਾੜਾ-ਜਲੰਧਰ ਨੈਸ਼ਨਲ ਹਾਈਵੇ ਉੱਤੇ ਪਿੰਡ ਸਪਰੋੜ ਦੇ ਨੇੜੇ ਨਕਲੀ ਪੁਲਸ ਵਾਲੇ ਬਣ ਕੇ ਲੁਟੇਰੇ ਗੱਡੀ ਚੈਕ ਕਰਨ ਦੇ ਬਹਾਨੇ ਸੱਤ ਲੱਖ ਰੁਪਏ ਤੋਂ ਵੱਧ ਨਕਦੀ ਲੈ ਕੇ ਫਰਾਰ ਹੋ ਗਏ। ਥਾਣਾ ਸਦਰ ਪੁਲਸ ਨੇ ਇਸ ਬਾਰੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਲੁਧਿਆਣੇ ਵਿੱਚ ਪੰਜਾਬ ਟਿੰਬਰ ਟ੍ਰੇਡਰ ਦੇ ਮੈਨੇਜਰ ਗੌਰਵ ਮੌਂਗਾ ਪੁੱਤਰ ਸੁਭਾਸ਼ ਕੁਮਾਰ ਮੌਂਗਾ ਨੇ ਦੱਸਿਆ ਕਿ ਉਹ ਗੱਡੀ ਵਿੱਚ ਡਰਾਈਵਰ ਨਾਲ ਗੁਰਦਾਸਪੁਰ ਅਤੇ ਪਠਾਨਕੋਟ ਤੋਂ ਰਾਤ ਲੁਧਿਆਣੇ ਜਾ ਰਹੇ ਸਨ ਤਾਂ ਫਗਵਾੜਾ ਜੀ ਟੀ ਰੋਡ ਉੱਤੇ ਕਲੱਬ ਕਬਾਨਾ ਪਿੰਡ ਸਪਰੋੜ ਦੇ ਨੇੜੇ ਪੁਲਸ ਵਰਦੀ ਪਹਿਨੇ ਤਿੰਨ ਵਿਅਕਤੀਆਂ ਸਮੇਤ ਪੰਜ ਜਣਿਆਂ ਨੇ ਉਨ੍ਹਾਂ ਨੂੰ ਰੋਕ ਲਿਆ। ਗੌਰਵ ਮੌਂਗਾ ਮੁਤਾਬਕ ਪੁਲਸ ਦੀ ਵਰਦੀ ਪਹਿਨੇ ਹੋਏ ਤਿੰਨ ਲੋਕਾਂ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਟ੍ਰੈਫਿਕ ਸਿਗਨਲ ਤੋੜ ਕੇ ਆਏ ਹਨ, ਜਿਸ ਦੇ ਲਈ ਉਨ੍ਹਾਂ ਨੂੰ ਰੋਕਿਆ ਗਿਆ ਹੈ।ਗੌਰਵ ਦੇ ਮੁਤਾ-ਬਕ ਪੁਲਸ ਦੀ ਵਰਦੀ ਪਹਿਨੇ ਲੋਕਾਂ ਨੇ ਉਨ੍ਹਾਂ ਨੂੰ ਕਾਰ ਵਿੱਚੋਂ ਉਤਾਰ ਲਿਆ ਅਤੇ ਗੱਡੀ ਦੀ ਤਲਾਸ਼ੀ ਲੈਣ ਲੱਗ ਪਏ ਅਤੇ ਗੱਡੀ ਦੀ ਸੀਟ ਹੇਠਾਂ ਰੱਖੇ ਸੱਤ ਲੱਖ 20 ਹਜ਼ਾਰ ਰੁਪਏ ਉਨ੍ਹਾਂ ਨੇ ਚੁੱਕ ਲਏ ਅਤੇ ਕਹਿਣ ਲੱਗੇ ਕਿ ਸਾਡੇ ਨਾਲ ਥਾਣੇ ਚੱਲੋ। ਗੌਰਵ ਨੇ ਦੱਸਿਆ ਕਿ ਉਕਤ ਲੋਕਾਂ ਨੇ ਫਗਵਾੜੇ ਤੋਂ ਗੱਡੀ ਮੋੜ ਕੇ ਉਨ੍ਹਾਂ ਨੂੰ ਵੱਖ-ਵੱਖ ਜਗ੍ਹਾਉਤਾਰ ਦਿੱਤਾ ਅਤੇ ਨਕਦੀ ਲੈ ਕੇ ਫਰਾਰ ਹੋ ਗਏ। ਥਾਣਾ ਸਦਰ ਨੇ ਪੰਜ ਅਣਪਛਾਤਿਆਂ ਖਿਲਾਫ ਧੋਖਾਧੜੀ ਦਾ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੋਤੀ ਨੂੰ ਲੈ ਕੇ ਜਾਂਦੇ ਬਜ਼ੁਰਗ ਤੋਂ ਮੋਟਰ ਸਾਈਕਲ ਸਵਾਰ ਲੁਟੇਰਿਆਂ ਨੇ ਛਾਪਾਂ ਤੇ ਨਕਦੀ ਲੁੱਟੀ

ਜਲੰਧਰ, 21 ਫਰਵਰੀ (ਪੋਸਟ ਬਿਊਰੋ)- ਬਸਤੀ ਬਾਵਾ ਖੇਲ ਨੇੜੇ ਸੇਂਟ ਸੋਲਜਰ ਸਕੂਲ ਵਿੱਚ ਦੂਸਰੀ ਜਮਾਤ ਵਿੱਚ ਪੜ੍ਹਦੀ ਆਪਣੀ ਪੋਤੀ ਨੂੰ ਦੁਪਹਿਰੇ ਢਾਈ ਵਜੇ ਲੈ ਕੇ ਆ ਰਹੇ ਬਜ਼ੁਰਗ ਨੂੰ ਦੋ ਮੋਟਰ ਸਾਈਕਲ ਸਵਾਰ ਲੁਟੇਰਿਆਂ ਨੇ ਲੁੱਟ ਲਿਆ। ਇਸ ਬਾਰੇ ਸਥਾਨਕ ਪੁਲਸ ਜਾਂਚ ਕਰ ਰਹੀ ਹੈ।

ਪਤਾ ਲੱਗਾ ਹੈ ਕਿ ਬਜ਼ੁਰਗ ਜਦੋਂ ਆਪਣੀ ਐਕਟਿਵਾ ਉੱਤੇ ਪੋਤੀ ਨੂੰ ਲੈ ਕੇ ਆ ਰਿਹਾ ਸੀ ਤਾਂ ਉਸ ਨੂੰ ਇੱਕ ਔਰਤ ਮਿਲੀ, ਜਿਸ ਨੇ ਰਸਤਾ ਪੁੱਛਣ ਦੇ ਬਹਾਨੇ ਉਸ ਨੂੰ ਗੱਲਾਂ ਵਿੱਚ ਲਾ ਲਿਆ। ਇੰਨੇ ਵਿੱਚ ਪਿੱਛੋਂ ਆਏ ਲੁਟੇਰਿਆਂ ਨੇ ਧਮਕਾ ਕੇ ਉਸ ਦੀ ਅੰਗੂਠੀ ਅਤੇ ਨਕਦੀ ਲੁੱਟ ਲਈ ਅਤੇ ਫਰਾਰ ਹੋ ਗਏ। ਰਸਤਾ ਪੁੱਛਣ ਵਾਲੀ ਉਕਤ ਔਰਤ ਵੀ ਉਨ੍ਹਾਂ ਦੇ ਨਾਲ ਹੀ ਚਲੀ ਗਈ।ਪੀੜਤ ਬਲਦੇਵ ਸਿੰਘ (75 ਸਾਲ) ਨੇ ਦੱਸਿਆ ਕਿ ਉਹ ਰੋਜ਼ ਵਾਂਗ ਕੱਲ੍ਹ ਦੁਪਹਿਰੇ 2.30 ਵਜੇ ਆਪਣੀ ਪੋਤੀ ਨੂੰ ਸਕੂਲੋਂ ਲੈ ਕੇ ਘਰ ਜਾ ਰਹੇ ਸਨ ਕਿ ਪੁਲ ਨੇੜੇ ਇੱਕ ਔਰਤ ਨੇ ਹੱਥ ਦੇ ਕੇ ਰੁਕਣ ਨੂੰ ਕਿਹਾ ਅਤੇ ਉਨ੍ਹਾਂ ਕੋਲੋਂ ਰਸਤਾ ਪੁੱਛਣ ਲੱਗੀ। ਇੰਨੇ ਨੂੰ ਪਿੱਛੋਂ ਦੋ ਮੋਟਰ ਸਾਈਕਲਾਂ ਉੱਤੇ ਆਏ ਲੁਟੇਰਿਆਂ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਹਥਿਆਰ ਦਿਖਾ ਕੇ ਧਮਕਾਉਂਦਿਆਂ ਕਿਹਾ ਕਿ ਉਹ ਆਪਣੀਆਂ ਅੰਗੂਠੀਆਂ ਸਮੇਤ ਨਕਦੀ ਦੇ ਦੇਵੇ, ਨਹੀਂ ਤਾਂ ਉਹ ਉਸ ਦੀ ਪੋਤੀ ਨੂੰ ਚੁੱਕ ਕੇ ਲੈ ਜਾਣਗੇ। ਇਸ ਤੋਂ ਘਬਰਾ ਕੇ ਉਸਨੇ ਆਪਣੀ ਜੇਬ ਵਿੱਚੋਂ ਇੱਕ ਹਜ਼ਾਰ ਰੁਪਏ ਤੇ ਦੋ ਅੰਗੂਠੀਆਂ ਲਾਹ ਕੇ ਦੇ ਦਿੱਤੀਆਂ, ਜੋ ਲੁਟੇਰੇ ਅਤੇ ਔਰਤ ਲੈ ਕੇ ਫਰਾਰ ਹੋ ਗਏ।ਐਸ ਐਚ ਓ ਗਗਨਦੀਪ ਸਿੰਘ ਸੇਖੋਂ ਨੇ ਦੱਸਿਆ ਕਿ ਪੁਲਸ ਦੀ ਜਾਂਚ ਵਿੱਚ ਇਹ ਗੱਲ ਨਿਕਲੀ ਹੈ ਕਿ ਔਰਤ ਨੇ ਮਾਸਕ ਨਹੀਂ ਪਹਿਨਿਆ ਸੀ। ਉਸ ਦਾ ਸਕੈਚ ਬਣਵਾਇਆ ਜਾ ਰਿਹਾ ਹੈ ਅਤੇ ਘਟਨਾ ਸਥਾਨ ਦੇ ਨੇੜੇ-ਤੇੜੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਲੁਟੇਰਿਆਂ ਸਬੰਧੀ ਪੁਲਸ ਨੂੰ ਕੁਝ ਸਬੂਤ ਮਿਲੇ ਹਨ ਅਤੇ ਇਲਾਕੇ ਦਾ ਕਾਲ ਡੰਪ ਵੀ ਚੁੱਕਿਆ ਗਿਆ ਹੈ, ਜਿਸ ਤੋਂ ਉਮੀਦ ਹੈ ਕਿ ਮੁਲਜ਼ਮ ਜਲਦੀ ਹੀ ਪੁਲਸ ਦੇ ਸ਼ਿਕੰਜੇ ਵਿੱਚ ਹੋਣਗੇ।

ਭਾਜਪਾ ਆਗੂ ਸਵਾਮੀ ਨੇ ਕਿਹਾ:

# ਚੀਨ ਸਹੀ ਖਬਰਾਂ ਵੀ ਡਿਲੀਟ ਕਰ ਦਿੰਦੈ, ਮੋਦੀ ਬ੍ਰਿਗੇਡ ਗਲਤ ਖਬਰਾਂ ਪਲਾਂਟ ਕਰਵਾਉਂਦੀ ਹੈ

ਨਵੀਂ ਦਿੱਲੀ, 21 ਫਰਵਰੀ (ਪੋਸਟ ਬਿਊਰੋ)- ਭਾਜਪਾ ਪਾਰਲੀਮੈਂਟ ਮੈਂਬਰ ਸੁਬਰਾਮਨੀਅਮ ਸਵਾਮੀ ਦੇ ਤਿੱਖੇ ਤੇਵਰ ਫਿਰ ਦਿਖਾਈ ਦਿੱਤੇ ਹਨ। ਇਸ ਵਾਰ ਵੀ ਉਹ ਆਪਣੀ ਹੀ ਪਾਰਟੀ ਦੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਚੈਨ ਕਰਨ ਵਾਲਾ ਬਿਆਨ ਕਰਦੇ ਦਿੱਸ ਰਹੇ ਹਨ ਅਤੇ ਇਸ ਵਾਰ ਉਨ੍ਹਾਂ ਨੇ ਭਾਰਤੀ ਅਤੇ ਚੀਨੀ ਮੀਡੀਆ ਦੀ ਤੁਲਨਾ ਕਰਦੇ ਵਕਤ ਭਾਰਤ ਦੇ ਪ੍ਰਧਾਨ ਮੰਤਰੀ ਦਫਤਰ ਨੂੰ ਵੀ ਲਪੇਟ ਲਿਆ ਹੈ।



ਆਪਣੇ ਇਕ ਟਵੀਟ ਦੇ ਜ਼ਰੀਏ ਸੁਬਰਾਮਨੀਅਮਸਵਾਮੀ ਨੇ ਇੱਕ ਤਰ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਵਿਅੰਗ ਕਰਦਿਆਂ ਲਿਖਿਆ, ਵਿੱਚੀਨੀ ਅਤੇ ਭਾਰਤੀ ਮੀਡੀਆ ਵਿੱਚ ਸਭ ਤੋਂ ਵੱਡਾ ਫਰਕ ਇਹ ਹੈ ਕਿ ਚੀਨ ਦੀ ਸਰਕਾਰ ਸਹੀ ਖਬਰਾਂ ਵੀ ਡਿਲੀਟ ਕਰਵਾ ਦਿੰਦੀ ਹੈ ਤੇ ਭਾਰਤ ਵਿੱਚ ਪੀ ਐਮ ਓ (ਪ੍ਰਧਾਨ ਮੰਤਰੀ ਦਫਤਰ) ਦੀ ਫੇਕ ਆਈ ਡੀ ਵਾਲੀ ਬ੍ਰਿਗੇਡ ਗਲਤ ਖਬਰਾਂ ਵੀ ਪਲਾਂਟ ਕਰ ਦਿੰਦੀ ਹੈ।'

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸੁਬਰਾਮਨੀਅਮਸਵਾਮੀ ਨੇ ਨਰਿੰਦਰ ਮੋਦੀ ਦੇ 2020 ਦੇ ਬਿਆਨ ਵੱਲ ਇਸ਼ਾਰਾ ਕਰ ਕੇ ਉਨ੍ਹਾਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਸੀ। ਮੋਦੀ ਨੇ ਓਦੋਂ ਇਹ ਕਿਹਾ ਸੀ ਕਿ ਕੋਈ ਆਇਆ-ਗਿਆ ਨਹੀਂ। ਮੋਦੀ ਦਾ ਇਸ਼ਾਰਾ ਇਸ ਗੱਲ ਵੱਲ ਸੀ ਕਿ ਭਾਰਤ ਦੀ ਧਰਤੀ ਉੱਤੇ ਚੀਨ ਦੀ ਫੌਜ ਨਹੀਂ ਆਈ। ਸੁਬਰਾਮਨੀਅਮਸਵਾਮੀ ਦਾ ਕਹਿਣਾ ਸੀ ਕਿ ਜਦ ਚੀਨੀ ਫੌਜਭਾਰਤੀ ਫੌਜ ਦੀ ਛਾਤੀ ਉੱਤੇ ਚੜ੍ਹ ਕੇ ਬੈਠੀ ਸੀ ਤਾਂ ਸਮਝੌਤਾ ਕਰ ਲਿਆ ਸੀ, ਇਸ ਤੋਂ ਚੀਨ ਨੂੰ ਫਾਇਦਾ ਹੈ, ਪਰ ਭਾਰਤ ਲਈ ਵੱਡਾ ਨੁਕਸਾਨ ਹੈ।ਕੁਝ ਦਿਨ ਪਹਿਲਾਂ ਵੀ ਸਵਾਮੀ ਨੇ ਆਪਣੀ ਹੀ ਪਾਰਟੀ ਦੀਆਂ ਨੀਤੀਆਂ ਬਾਰੇ ਵਿਅੰਗ ਕੱਸਿਆ ਤੇ ਟਵੀਟ ਕੀਤਾ ਸੀ, 'ਰਾਮ ਦੇ ਭਾਰਤ ਵਿੱਚ ਪੈਟਰੋਲ 93 ਰੁਪਏ, ਸੀਤਾ ਦੇ ਨੇਪਾਲ ਵਿੱਚ 53 ਰੁਪਏ ਅਤੇ ਰਾਵਣ ਦੀ ਲੰਕਾ ਵਿੱਚ 51 ਰੁਪਏ ਹੈ।' ਆਪਣੇ ਹੀ ਪਾਰਲੀਮੈਂਟ ਮੈਂਬਰ ਦੇ ਇਹੋ ਜਿਹੇ ਰਵੱਈਏ ਤੋਂ ਭਾਜਪਾ ਨੂੰ ਕਾਫੀ ਪ੍ਰੇਸ਼ਾਨੀ ਹੋ ਰਹੀ ਹੈ।

# ਬਿਟਕੁਆਇਨ ਮਾਰਕੀਟ ਕੈਪ ਪਹਿਲੀ ਵਾਰ ਟ੍ਰਿਲੀਅਨ ਡਾਲਰ ਤੋਂ ਪਾਰ

ਨਵੀਂ ਦਿੱਲੀ, 21 ਫਰਵਰੀ (ਪੋਸਟ ਬਿਊਰੋ)- ਦੁਨੀਆ ਦੀ ਸਭ ਤੋਂ ਵੱਡੀ ਅਤੇ ਲੋਕਪ੍ਰਿਯ ਕ੍ਰਿਪਟੋਕਰੰਸੀ ਬਿਟਕੁਆਇਨ ਨੇ ਏਸ਼ੀਆਈ ਕਾਰੋਬਾਰ ਵਿੱਚ ਇੱਕ ਨਵਾਂ ਰਿਕ-ਾਰਡ ਦਰਜ ਕੀਤਾ ਹੈ। ਬਿਟਕੁਆਇਨ ਦੀ ਕੀਮਤ 56,620 ਡਾਲਰ ਉੱਤੇ ਪਹੁੰਚ ਗਈ ਤੇ ਇਸ ਦਾ ਮਾਰਕੀਟ ਕੈਪ ਪਹਿਲੀ ਵਾਰ ਇੱਕ ਟ੍ਰਿਲੀਅਨ ਡਾਲਰ ਤੋਂ ਪਾਰ ਪਹੁੰਚ ਗਿਆ।



ਬੀਤੇ ਸ਼ੁੱਕਰਵਾਰ ਨੂੰ ਬਿਟਕੁਆਇਨ ਦੀ ਕੀਮਤ ਅੱਠ ਫੀਸਦੀ ਦੀ ਤੇਜ਼ੀ ਨਾਲ 56399.99 ਡਾਲਰ ਉੱਤੇ ਪਹੁੰਚ ਗਈ ਸੀ। ਇਸ ਹਫਤੇ ਇਸ ਵਿੱਚ 14 ਫੀਸਦੀ ਅਤੇ ਇਸ ਮਹੀਨੇ ਹੁਣ ਤੱਕ ਸੱਤਰ ਫੀਸਦੀ ਦਾ ਉਛਾਲ ਆਇਆ ਹੈ।ਲੋਕਪ੍ਰਿਯ ਕ੍ਰਿਪਟੋਕਰੰਸੀ 56,620 ਡਾਲਰ ਦੇ ਰਿਕਾਰਡ ਪੱਧਰ ਉੱਤੇ ਪਹੁੰਚ ਗਈ ਹੈ, ਜਿਸ ਦਾ ਹਫਤਾਵਾਰੀ ਲਾਭ 18 ਫੀਸਦੀ ਹੋ ਗਿਆ। ਇਸ ਸਾਲ ਇਸ ਵਿੱਚ 92 ਫੀਸਦੀ ਤੋਂ ਜ਼ਿਆਦਾ ਵਾਧਾ ਹੋਇਆ ਹੈ। ਬੀਤੇ ਵੀਰਵਾਰ ਕਾਰਡ ਪੇਮੈਂਟ ਕੰਪਨੀ ਮਾਸਟਰਕ-ਾਰਡ ਅਤੇ ਬੈਂਕ ਆਫ ਨਿਊ ਯਾਰਕ ਮੇਲਾਨ ਕਾਰਪ ਨੇ ਐਲਾਨ ਕੀਤਾ ਸੀ ਕਿ ਉਹ ਆਪਣੇ ਗਾਹਕਾਂ ਨੂੰ ਕ੍ਰਿਪਟੋਕਰੰਸੀ ਰਾਹੀਂ ਪੇਮੈਂਟ ਦੀ ਸਹੂਲਤ ਦੇ ਐਲਾਨ ਤੋਂ ਬਾਅਦ ਇਸ ਵਿੱਚ ਜ਼ੋਰਦਾਰ ਤੇਜ਼ੀ ਦੇਖਣ ਨੂੰ ਮਿਲੀ।ਇਸ ਤੋਂ ਪਹਿਲਾਂ ਇਲੈਕਟ੍ਰੋਨਿਕ ਕਾਰ ਬਣਾਉਣ ਵਾਲੀ ਅਮਰੀਕੀ ਕੰਪਨੀ ਟੈਸਲਾ ਵਲੋਂ ਬਿਟਕੁਆਇਨ ਵਿੱਚ ਕਰੀਬ 1.5 ਅਰਬ ਡਾਲਰ ਦੇ ਨਿਵੇਸ਼ ਦੀ ਖਬਰ ਤੋਂ ਬਾਅਦ ਸੋਮਵਾਰ ਨੂੰ ਬਿਟਕੁਆਇਨ ਨਵੇਂ ਉਚ ਪੱਧਰ ਉੱਤੇ ਪਹੁੰਚ ਗਿਆ ਸੀ। ਟੈਸਲਾ ਸਮੇਤ ਕਈ ਕੰਪਨੀਆਂ ਨੇ ਬਿਟਕੁਆਇਨ ਨੂੰ ਡਿਜੀਟਲ ਕਰੰਸੀ ਦੇ ਤੌਰ ਉੱਤੇ ਮਨਜ਼ੂਰੀ ਦੇ ਦਿੱਤੀ ਹੈ।

## ਲਾਕਡਾਊਨ ਵਿੱਚ ਸ਼ਾਦੀ ਕਰਨ ਦਾ ਕੇਸ ਜੱਜ ਨੇ ਰੱਦ ਕਰਵਾਇਆ

ਚੰਡੀਗੜ੍ਹ, 20 ਫਰਵਰੀ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਲੱਗੇ ਲਾਕਡਾਊਨ ਵਿੱਚ ਪ੍ਰੇਮ ਵਿਆਹ ਕਰਨਾ ਇੱਕ ਜੋੜੇ ਨੂੰ ਮਹਿੰਗਾ ਪੈ ਗਿਆ। ਫ਼ਰੀਦਾਬਾਦ ਦੀ ਜ਼ਿਲ੍ਹਾ ਅਦਾਲਤ ਨੇ ਸੁਰੱਖਿਆ ਦੇਣ ਦੇ ਆਦੇਸ਼ ਬੇਸ਼ੱਕ ਦੇ ਦਿੱਤੇ, ਨਾਲ ਹੀ ਲਾਕਡਾਊਨ ਦੇ ਦੌਰਾਨ ਸ਼ਾਦੀ ਕਰਨ ਉੱਤੇ ਪ੍ਰੇਮੀ ਜੋੜੇ ਅਤੇ ਸ਼ਾਦੀ ਕਰਾਉਣ ਵਾਲੇ ਪੰਡਿਤ ਦੇ ਖ਼ਿਲਾਫ਼ ਕੇਸ ਵੀ ਦਰਜ ਕਰਵਾ ਦਿੱਤਾ ਸੀ। ਇਹ ਕੇਸ ਰੱਦ ਕਰਾਉਣ ਦੇ ਲਈ ਤਿੰਨੇ ਜਣੇ ਹਾਈ ਕੋਰਟ ਜਾ ਪਹੁੰਚੇ।

ਹਾਈ ਕੋਰਟ ਨੇ ਕਿਹਾ ਕਿ ਲਾਕਡਾਊਨ ਦੇ ਦੌਰਾਨ ਸ਼ਾਦੀ ਕਰਨ ਉੱਤੇਕੋਈ ਰੋਕ ਨਹੀਂ ਸੀ। ਕੇਵਲ 50 ਤੋਂ ਵੱਧ ਲੋਕ ਇਕੱਠੇ ਹੋਣ ਉੱਤੇ ਰੋਕ ਸੀ। ਸ਼ਾਦੀ ਵਿੱਚ ਦੋ ਗਵਾਹ ਅਤੇ ਇੱਕ ਪੰਡਿਤ ਸੀ। ਇਸ ਲਈ ਉਨ੍ਹਾਂ ਨੇ ਨਿਯਮ ਨੂੰ ਨਹੀਂ ਤੋੜਿਆ ਅਤੇ ਇਸੇ ਕਰ ਕੇ ਇਹ ਕੇਸ ਰੱਦ ਕਰ ਦਿੱਤਾ ਜਾਵੇ।

ਅਸਲ ਵਿੱਚ ਹੋਇਆ ਇਹ ਕਿ ਇੱਕ ਪ੍ਰੇਮੀ ਜੋੜੇ ਨੇ ਸੱਤ ਮਈ 2020 ਨੂੰ ਫਰੀਦਾਬਾਦ ਵਿਚਲੇ ਆਰੀਆ ਸਮਾਜ ਮੰਦਰ ਵਿੱਚ ਪ੍ਰੇਮ ਵਿਆਹ ਕੀਤਾ ਸੀ। ਕੁਝ ਦਿਨ ਬਾਅਦ ਦੋਨਾਂ ਨੇ ਫਰੀਦਾਬਾਦ ਕੋਰਟ ਵਿੱਚ ਆਪਣੇ ਪਰਵਾਰਕ ਮੈਂਬਰਾਂ ਤੋਂ ਖ਼ਤਰਾ ਦੱਸ ਕੇ ਸੁਰੱਖਿਆ ਦੇਣ ਦੀ ਗੁਹਾਰ ਲਾਈ। ਸੈਸ਼ਨ ਕੋਰਟ ਨੇ ਉਨ੍ਹਾਂ ਨੂੰ ਸੁਰੱਖਿਆ ਦੇਣ ਦੇ ਆਦੇਸ਼ ਤਾਂ ਦੇ ਦਿੱਤੇ, ਪਰ ਸਵਾਲ ਉਠਾਇਆ ਕਿ ਸੱਤ ਮਈ ਨੂੰ ਲਾਕਡਾਊਨ ਸੀ, ਉਸ ਵੇਲੇ ਵਿਆਹ ਕਿੱਦਾ ਹੋਇਆ। ਐਡੀਸ਼ਨਲ ਸੈਸ਼ਨ ਜੱਜ ਨੇ ਪ੍ਰੇਮੀ ਜੋੜੇ ਲੋਕੇਸ਼ ਗਰਗ ਅਤੇ ਸੋਨੀਆ ਅਤੇ ਪੰਡਿਤ ਰਾਕੇਸ਼ ਦੇ ਖ਼ਿਲਾਫ਼ ਕੇਸ ਦਰਜ ਕਰਨ ਲਈ ਪੁਲਸ ਨੂੰ ਆਦੇਸ਼ ਦੇ ਦਿੱਤਾ। ਫਿਰ ਤਿੰਨਾਂ ਜਣਿਆਂ ਨੇ ਹਾਈ ਕੋਰਟ ਵਿੱਚ ਅਰਜ਼ੀ ਦਿੱਤੀ ਤਾਂ ਉਨ੍ਹਾਂ ਦੇ ਵਕੀਲ ਨੇ ਕੋਰਟ ਨੂੰ ਦੱਸਿਆ ਕਿ ਇੱਕ ਮਈ ਨੂੰ ਕੇਂਦਰ ਸਰਕਾਰ ਦੇ ਨਿਰਦੇਸ਼ ਅਨੁਸ-ਾਰ ਵਿਆਹ ਵਿੱਚ 50 ਲੋਕਾਂ ਨੂੰ ਇਕੱਠੇ ਹੋਣ ਦੀ ਛੋਟ ਦਿੱਤੀ ਗਈ ਸੀ, ਇਸ ਲਈ ਇਸ ਤਰ੍ਹਾਂ ਦਾ ਸਾਦਾ ਵਿਆਹ ਕਰਨ ਲਈ ਇਜਾਜ਼ਤ ਲੈਣ ਦੀ ਜ਼ਰੂਰਤ ਹੀ ਨਹੀਂ ਸੀ।

# ਮੰਡੀ ਵਿੱਚ ਚੱਲਦੀ ਗੱਡੀ ਉੱਤੇ ਪਹਾੜ ਦਾ ਮਲਬਾ ਡਿੱਗਿਆ, ਚਾਰ ਮੌਤਾਂ



ਰਸਤੇ ਉਤੋਂ ਮਲਬਾ ਹਟਾਉਂਦੀ ਜੇਸੀਬੀ।


ਨੁਕਸਾਨੀ ਗਈ ਜੀਪ।

ਗੋਹਰ, 21 ਫਰਵਰੀ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਦੀ ਰਿਹਾਇਸ਼ ਸਰਾਜ ਅਤੇ ਕਲ੍ਹਾਣੀ ਦੇ ਨੇੜੇ ਚਲਦੀ ਜੀਪ ਉੱਤੇ ਪਹਾੜੀ ਦਾ ਮਲਬਾ ਡਿੱਗਣਨਾਲ ਚਾਰ ਜਣਿਆਂ ਦੀ ਮੌਤ ਹੋ ਗਈ। ਬਾਕੀ 11 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ।

ਸਥਾਨਕ ਲੋਕਾਂ ਦੇ ਦੱਸਣ ਅਨੁਸਾਰ ਇਹ ਹਾਦਸਾ ਕਲ੍ਹਾਣੀ ਦੇ ਨਾਲ ਲੱਗਦੇ ਬਨੋਟੀ ਦੇ ਨੇੜੇ ਹੋਇਆ ਹੈ। ਇਹ ਲੋਕ ਸਥਾਨਕ ਦੇਵਤਾ-ਰੱਥਲਈ ਕਿਤੇ ਮਹਿਮਾਨ ਨਵਾਜ਼ੀ ਵਿੱਚ ਗਏ ਸਨ ਅਤੇ ਉਨ੍ਹਾਂ ਨਾਲ ਦੇਵਲ ਵੀ ਇਸ ਵਿੱਚ ਸ਼ਾਮਲ ਹੋਣ ਦੇ ਲਈ ਗਏ ਹੋਏ ਸਨ। ਵਾਪਸੀ ਦੌਰਾਨ ਦੇਵਤਾ-ਰੱਥ ਵਾਲੀ ਗੱਡੀ ਅੱਗੇ ਨਿਕਲ ਗਈ ਤੇ ਉਸ ਦੇ ਪਿੱਛੇ ਚੱਲ ਰਹੀ ਇੱਕ ਹੋਰ ਜੀਪ ਉੱਤੇ ਪਹਾੜੀ ਤੋਂ ਮਲਬਾ ਆਣ ਡਿੱਗਿਆ। ਦੱਸਿਆ ਗਿਆ ਹੈ ਕਿ ਮਲਬਾ ਬਹੁਤ ਭਾਰੀ ਮਾਤਰਾ ਵਿੱਚ ਆਇਆ। ਜੀਪ ਉੱਤੇ ਮਲਬਾ ਡਿੱਗਣ ਦੇ ਬਾਅਦ ਜੀਪ ਮਲਬੇ ਦੇ ਨਾਲ ਕਾਫੀ ਹੇਠਾਂ ਤੱਕ ਚਲੀ ਗਈ। ਸਥਾਨਕ ਲੋਕਾਂ ਨੂੰ ਜਦੋਂ ਹੀ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੇ ਤੌਰ ਉੱਤੇ ਰਾਹਤ ਅਤੇ ਬਚਾਅ ਕੰਮ ਸ਼ੁਰੂ ਕਰ ਦਿੱਤਾ, ਜਿਸ ਕਾਰਨ 11 ਲੋਕਾਂ ਨੂੰ ਬਾਹਰ ਕੱਢ ਲਿਆ ਗਿਆ।

# ਬੀ ਐੱਸ ਐੱਫ ਅਫਸਰ ਦੀ ਮੌਤ ਮਗਰੋਂ ਦੂਸਰੀ ਪਤਨੀ ਨੇ ਪਹਿਲੀ ਨੂੰ ਅੱਧੀ ਪੈਨਸ਼ਨ ਦੀ ਪੇਸ਼ਕਸ਼ ਕੀਤੀ

ਚੰਡੀਗੜ੍ਹ, 21 ਫਰਵਰੀ (ਪੋਸਟ ਬਿਊਰੋ)- ਇੱਕ ਫਿਲਮੀ ਗਾਣਾ ਹੈ: 'ਮੈਂ ਤੇਰੀ ਛੋਟੀ ਬਹਿਨਾ ਹੂੰ, ਸਮਝ ਨਾ ਮੁਝ ਕੋ ਸੌਤਨ।' ਇੱਕ ਬੀ ਐਸ ਐਫ ਅਧਿਕਾਰੀ ਦੀ ਵਿਧਵਾ ਨੇ ਇਸ ਦੀ ਮਿਸਾਲ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪੇਸ਼ ਕੀਤੀ ਅਤੇ ਆਪਣੀ ਅੱਧੀ ਪੈਨਸ਼ਨ ਪਤੀ ਦੀ ਪਹਿਲੀ ਪਤਨੀ ਨੂੰ ਦੇਣ ਲਈ ਸਰਕਾਰ ਨੂੰ ਨਿਰਦੇਸ਼ ਦੇਣ ਦੀ ਅਪੀਲ ਕੀਤੀ ਹੈ, ਪਰ ਹਾਈ ਕੋਰਟ ਨੇ ਨਿਯਮਾਂ ਦਾ ਹਵਾਲਾ ਦੇ ਕੇ ਇਨਕਾਰ ਕਰ ਦਿੱਤਾ।




ਪਤਾ ਲੱਗਾ ਹੈ ਕਿ ਦੂਸਰੀ ਪਤਨੀ ਚਾਹੁੰਦੀ ਸੀ ਕਿ ਅਦਾਲਤ ਇਸ ਬਾਰੇ ਨਿਰਦੇਸ਼ ਦੇਵੇ, ਕਿਉਂਕਿ ਬੀ ਐਸ ਐਫ (ਬਾਰਡਰ ਸਕਿਓਰਟੀ ਫੋਰਸ) ਨੇ ਅਜਿਹਾ ਕੋਈ ਨਿਯਮ ਨਾ ਹੋਣ ਦੀ ਗੱਲ ਕਹਿ ਕੇ ਉਸ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਸੌਂਕਣ ਲਈ ਪਿਆਰ ਜਤਾਉਣ ਵਾਲੀ ਧਨਪਤੀ ਦੇਵੀ ਸੋਨੀਪਤ ਦੀ ਵਸਨੀਕ ਹੈ। ਉਸ ਦਾ ਪਤੀ ਭਾਈ ਰਾਮ ਬੀ ਐਸ ਐਫ ਵਿੱਚ ਸਬ ਇੰਸਪੈਕਟਰ ਸੀ। ਉਹ 31 ਮਾਰਚ 1990 ਨੂੰ ਸੇਵਾਮੁਕਤ ਹੋਇਆ ਅਤੇ ਨੌਂ ਦਸੰਬਰ 2019 ਨੂੰ ਉਸ ਦਾ ਦਿਹਾਂਤ ਹੋ ਗਿਆ। 20 ਫਰਵਰੀ 2020 ਨੂੰ ਧਨਪਤੀ ਦੇਵੀ ਨੇ ਬੀ ਐਸ ਐਫ ਅਫਸਰਾਂ ਨੂੰ ਅਰਜ਼ੀ ਦਿੱਤੀ ਕਿ ਉਸ ਦੇ ਵਿਆਹ ਤੋਂ ਪਹਿਲਾਂ ਸੱਤ ਜੁਲਾਈ 1977 ਨੂੰ ਉਸ ਦੇ ਪਤੀ ਦਾ ਵਿਆਹ ਉਸ ਦੀ ਚਚੇਰੀ ਵੱਡੀ ਭੈਣ ਨਾਲ ਵੀ ਹੋਇਆ ਸੀ ਅਤੇ ਉਸ ਦੀ ਚਚੇਰੀ ਭੈਣ ਨੂੰ ਅੱਧੀ ਪੈਨਸ਼ਨ ਦਿੱਤੀ ਜਾਣੀ ਚਾਹੀਦੀ ਹੈ ਤੇ ਉਸ ਨੂੰ ਕੋਈ ਇਤਰਾਜ਼ ਨਹੀਂ। ਬੀ ਐਸ ਐਫ ਨੇ ਉਸ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਇਸ ਬਾਰੇ ਬੀ ਐਸ ਐਫ ਦੀ ਦਲੀਲ ਸੀ ਕਿ ਭਾਈ ਰਾਮ ਨੇ ਸਰਵਿਸ ਰਿਕ-ਾਰਡ ਵਿੱਚ ਪਤਨੀ ਵਜੋਂ ਉਸ (ਧਨਪਤੀ ਦੇਵੀ) ਨੂੰ ਹੀ ਨਾਮਜ਼ਦ ਕੀਤਾ ਸੀ, ਕਿਸੇ ਹੋਰ ਔਰਤ ਦਾ ਪਤਨੀ ਵਜੋਂ ਜ਼ਿਕਰ ਨਹੀਂ ਕੀਤਾ, ਇਸ ਲਈ ਸਰਵਿਸ ਨਿਯਮਾਂ ਤਹਿਤ ਸਿਰਫ ਉਸੇ ਨੂੰ ਪੈਨਸ਼ਨ ਦਿੱਤੀ ਜਾ ਸਕਦੀ ਹੈ। ਬੀ ਐਸ ਐਫ ਅਧਿਕਾਰੀਆਂ ਦੇ ਫੈਸਲੇ ਤੋਂ ਦੁਖੀ ਧਨਪਤੀ ਦੇਵੀ ਹਾਈ ਕੋਰਟ ਦੀ ਸ਼ਰਨ ਵਿੱਚ ਪੁੱਜੀ ਤੇ ਪਟੀਸ਼ਨ ਰਾਹੀਂ ਬੀ ਐਸ ਐਫ ਦੇ 10 ਅਗਸਤ 2020 ਵਾਲੇ ਹੁਕਮ ਨੂੰ ਰੱਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਉਹ ਆਪਣੀ ਚਚੇਰੀ ਭੈਣ ਨੂੰ ਅੱਧੀ ਪੈਨਸ਼ਨ ਦੇਣ ਲਈ ਤਿਆਰ ਹੈ, ਪਰ ਇਹ ਅਪੀਲ ਵੀ ਮੰਨੀ ਨਹੀਂ ਗਈ।

# ਮਾਸਕੋ ਦੀ ਅਦਾਲਤ ਵੱਲੋਂ ਨਵੇਲਨੀ ਦੀ ਅਪੀਲ ਰੱਦ

ਮਾਸਕੋ, 21 ਫਰਵਰੀ (ਪੋਸਟ ਬਿਊਰੋ)- ਮਾਸਕੋ ਦੀ ਇੱਕ ਅਦਾਲਤ ਨੇ ਰੂਸ ਦੇ ਵਿਰੋਧੀ ਨੇਤਾ ਐਲੇਕਸੀ ਨਵੇਲਨੀ ਵੱਲੋਂ ਜੇਲ੍ਹ ਦੀ ਸਜ਼ਾ ਖਿਲਾਫ ਕੀਤੀ ਗਈ ਅਪੀਲ ਨੂੰ ਰੱਦ ਕਰ ਦਿੱਤਾ ਹੈ। ਇਹ ਅਪੀਲ ਉਸ ਸਮੇਂ ਨਾ ਮਨਜ਼ੂਰ ਕੀਤੀ ਗਈ ਹੈ, ਜਦੋਂ ਯੂਰਪ ਦੀ ਇੱਕ ਮਨੁੱਖੀ ਅਧਿਕਾਰ ਅਦਾਲਤ ਨੇ ਨਵੇਲਨੀ ਨੂੰ ਰਿਹਾਅ ਕਰਨ ਲਈ ਕਿਹਾ ਹੈ।

ਵਰਨਣ ਯੋਗ ਹੈ ਕਿ ਨਵੇਲਨੀ ਨੂੰ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਆਲੋਚਕ ਕਿਹਾ ਜਾਂਦਾ ਹੈ। ਭ੍ਰਿਸ਼ਟਾਚਾਰ ਦੇ ਖਿਲਾਫ ਮੁਹਿੰਮ ਵਿੱਢਣ ਵਾਲੇ 44 ਸਾਲਾ ਨਵੇਲਨੀ ਨੂੰ 17 ਜਨਵਰੀ ਨੂੰ ਜਰਮਨੀ ਤੋਂ ਪਰਤਣ ਪਿੱਛੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਜ਼ਹਿਰ (ਨਰਵ ਏਜੰਟ) ਦਿੱਤੇ ਜਾਣ 'ਤੇ ਗੰਭੀਰ ਬਿਮਾਰ ਹੋਣ ਪਿੱਛੋਂ ਨਵੇਲਨੀ ਇਲਾਜ ਕਰਵਾਉਣ ਲਈ ਪੰਜ ਮਹੀਨੇ ਜਰਮਨੀ ਵਿੱਚ ਰਹੇ ਸਨ। ਉਨ੍ਹਾਂ ਇਸ ਘਟਨਾ ਲਈ ਰੂਸੀ ਰਾਸ਼ਟਰਪਤੀ ਭਵਨ ਕ੍ਰੇਮਲਿਨ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਰੂਸੀ ਅਧਿਕਾਰੀਆਂ ਨੇ ਇਹ ਦੋਸ਼ ਰੱਦ ਕਰ ਦਿੱਤੇ ਸਨ। ਪੈਰੋਲ ਦੌਰਾਨ ਖੁਦ 'ਤੇ ਲੱਗੀਆਂ ਸ਼ਰਤਾਂ ਦੀ ਜਰਮਨੀ 'ਚ ਉਲੰਘਣਾ ਕਰਨ ਬਾਰੇ ਇਸ ਮਹੀਨੇ ਦੇ ਸ਼ੁਰੂ 'ਚ ਉਨ੍ਹਾਂ ਨੂੰ ਦੋ ਸਾਲ ਅੱਠ ਮਹੀਨੇ ਕੈਦ ਦੀ ਸਜ਼ਾ ਹੋਈ ਸ। ਇਹ ਸਜ਼ਾ ਗਬਨ ਦੇ ਇੱਕ ਕੇਸ ਵਿੱਚ 2014 'ਚ ਉਨ੍ਹਾਂ ਦੇ ਦੋਸ਼ ਸਿੱਧ ਹੋਣ ਨਾਲ ਜੁੜੀ ਹੈ। ਇਸ ਦੋਸ਼ ਨੂੰ ਨਵੇਲਨੀ ਨੇ ਮਨਘੜਤ ਦੱਸ ਕੇ ਰੱਦ ਕਰ ਦਿੱਤਾ ਤੇ ਯੂਰਪੀ ਮਨੁੱਖੀ ਅਧਿਕਾਰ ਅਦਾਲਤ ਨੇ ਇਸ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ ਸੀ।

## ਚੀਨ ਦੇ ਆਰਥਿਕ ਦੁਰ-ਵਿਹਾਰ ਖਿਲਾਫ ਅਮਰੀਕਾ, ਯੂਰਪ ਤੇ ਏਸ਼ੀਆ ਨੂੰ ਮਿਲ ਕੇ ਲੜਨ ਦੀ ਲੋੜ: ਬਾਇਡੇਨ

ਸਿਆਟਲ, 21 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਕੱਲ੍ਹ ਏਥੇ ਕਿਹਾ ਕਿ ਚੀਨ ਦੇ 'ਆਰਥਿਕ ਦੁਰ-ਵਿਹਾਰ' ਨੂੰ ਪਿੱਛੇ ਧੱਕਣ ਲਈ ਲੰਮੇ ਸਮੇਂ ਦੀ ਰਣਨੀਤੀ ਦੀ ਲੋੜ ਹੈ ਅਤੇ ਸਾਨੂੰ ਯੂਰਪ ਅਤੇ ਏਸ਼ੀਆਈ ਸਹਿਯੋਗੀਆਂ ਨੂੰ ਰਣਨੀਤਕ ਮੁਕਾਬਲੇ ਲਈ ਇਕੱਠੇ ਤਿਆਰੀ ਕਰਨੀ ਚਾਹੀਦੀ ਹੈ।

ਬਾਇਡੇਨ ਨੇ ਕਿਹਾ ਕਿ ਜਿਵੇਂ ਅਮਰੀਕਾ, ਯੂਰਪ ਅਤੇ ਏਸ਼ੀਆ ਨੇ ਇਕਜੁੱਟ ਹੋ ਕੇ ਸ਼ਾਂਤੀ ਅਤੇ ਸੁਰੱਖਿਆ ਰੱਖਣ ਲਈ ਸਾਂਝੇ ਤੌਰ 'ਤੇ ਕੰਮ ਕੀਤਾ ਤੇ ਪ੍ਰਸ਼ਾਂਤ ਖੇਤਰ ਵਿੱਚ ਖੁਸ਼ਹਾਲੀ ਨੂੰ ਅੱਗੇ ਵਧਾਇਆ, ਉਸ ਦੇ ਨਤੀਜੇ ਸਭ ਦੇ ਸਾਹਮਣੇ ਹਨ।ਉਨ੍ਹਾਂ ਕਿਹਾ ਕਿ ਅੱਗੇ ਚੀਨ ਨਾਲ ਮੁਕਾਬਲਾ ਬਹੁਤ ਸਖਤ ਹੋਣ ਵਾਲਾ ਹੈ। ਇਸ ਮੁਕਾਬਲੇ ਦਾ ਟਾਕਰਾ ਕਰਨ ਲਈ ਅਮਰੀਕਾ ਨੂੰ ਯੂਰਪ ਅਤੇ ਆਪਣੇ ਹੋਰ ਸਹਿਯੋਗੀ ਦੇਸ਼ਾਂ ਨਾਲ ਇਕਜੁੱਟ ਹੋਣਾ ਪਵੇਗਾ। ਸਾਨੂੰ ਚੀਨੀ ਸਰਕਾਰ ਦੇ ਆਰਥਿਕ ਦੁਰ-ਵਿਹਾਰ ਤੇ ਜ਼ਬਰਦਸਤੀ ਦਾ ਜ਼ੋਰ ਨਾਲ ਵਿਰੋਧ ਕਰਨਾ ਪਵੇਗਾ, ਜੋ ਅੰਤਰਰਾਸ਼ਟਰੀ ਆਰਥਿਕ ਪ੍ਰਣਾਲੀ ਦੀ ਨੀਂਹ ਨੂੰ ਕਮਜ਼ੋਰ ਕਰਦੇ ਹਨ। ਇਥੇ ਇੱਕੋ ਨਿਯਮ ਨਾਲ ਸਭ ਨੂੰ ਕੰਮ ਕਰਨਾ ਪਵੇਗਾ।

ਬਾਇਡੇਨ ਨੇ ਆਪਣੇ ਯੂਰਪੀਅਨ ਸਹਿਯੋਗੀ ਦੇਸ਼ਾਂ ਨੂੰ ਭਰੋਸਾ ਦਿਵ-ਾਇਆ ਕਿ ਅਮਰੀਕਾ ਉਨ੍ਹਾਂ ਨਾਲ ਸਾਂਝੀਆਂ ਚੁਣੌਤੀਆਂ ਲਈ ਨੇੜਿਓਂ ਹੋ ਕੇ ਕੰਮ ਕਰੇਗਾ। ਇਸ ਦੇ ਨਾਲ ਬਾਇਡੇਨ ਨੇ ਵਿਸ਼ਵ ਸਿਹਤ ਸੰਗਠਨ ਸਮਰਥਕ ਪਹਿਲ-ਅਧੀਨ ਕੋਵੈਕਸ (ਕੋਵਿਡ 19) ਵੈਕਸੀਨ ਗਲੋਬਲ ਅਕਸੈਸ ਲਈ ਦੋ ਅਰਬ ਡਾਲਰ ਦੇਣ ਦਾ ਐਲਾਨ ਕੀਤਾ ਹੈ। ਨਾਲ ਹੀ ਉਨ੍ਹਾਂ ਦੂਸਰਿਆਂ ਨੂੰ ਵੀ ਇਸ ਪਾਸੇ ਕਦਮ ਵਧਾਉਣ ਦੀ ਅਪੀਲ ਕੀਤੀ। ਇਸ ਦਾ ਉਦੇਸ਼ ਦੁਨੀਆ ਭਰ ਵਿੱਚ ਟੀਕਿਆਂ ਦੀ ਇਕੋ ਜਿਹੀ ਪਹੁੰਚ ਨੂੰ ਯਕੀਨੀ ਬਣਾਉਣਾ ਹੈ।

# ਮਿਆਂਮਾਰ ਵਿੱਚ ਪ੍ਰਦਰਸ਼ਨਕਾਰੀਆਂ 'ਤੇ ਫਾਇਰਿੰਗ ਵਿੱਚ ਦੋ ਮੌਤਾਂ

ਯੰਗੂਨ, 21 ਫਰਵਰੀ (ਪੋਸਟ ਬਿਊਰੋ)- ਮਿਆਂਮਾਰ ਵਿੱਚ ਤਖਤਾ ਪਲਟ ਦਾ ਵਿਰੋਧ ਕਰ ਰਹੇ ਹਜ਼ਾਰਾਂ ਪ੍ਰਦਰਸ਼ਨਕਾਰੀਆਂ 'ਤੇ ਕੱਲ੍ਹਪੁਲਸ ਨੇ ਫਾਇਰਿੰਗ ਕੀਤੀ, ਹੰਝੂ ਗੈਸ ਦੇ ਗੋਲੇ ਸੁੱਟੇ ਅਤੇ ਪਾਣੀ ਦੀਆਂ ਵਾਛੜਾਂ ਮਾਰੀਆਂ, ਜਿਸ ਨਾਲ ਕਈ ਪ੍ਰਦਰਸ਼ਨਕਾਰੀ ਜ਼ਖਮੀ ਹੋਏ।ਮੀਡੀਆ ਰਿਪੋਰਟ ਅਨੁਸਾਰ ਦੇਸ਼ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਮਾਂਡਲੇ ਵਿੱਚ ਪੁਲਸ ਨੇ ਗੋਲੀਆਂ ਚਲਾਈਆਂ, ਜਿਸ ਨਾਲ ਦੋ ਪ੍ਰਦਰਸ਼ਨਕਾਰੀਆਂ ਦੀ ਮੌਤ ਤੇ ਵੀਹ ਹੋਰ ਜ਼ਖਮੀ ਹੋ ਗਏ। ਰਿਪੋਰਟ ਅਨੁਸਾਰ ਪੁਲਸ ਵੱਲੋਂ ਗੋਲੀ ਚਲਾਉਣ ਦੀ ਘਟਨਾ ਯਦਾਨਾਬੋਨ ਬੰਦਰਗਾਹ ਦੇ ਨੇੜੇ ਹੋਈ।



ਓਧਰ ਮਿਆਂਮਾਰ 'ਚ ਤਖਤਾ ਪਲਟ ਤੋਂ ਬਾਅਦ ਬ੍ਰਿਟੇਨ ਅਤੇ ਕੈਨੇਡਾ ਨੇ ਉਥੋਂ ਦੇ ਜਨਰਲਾਂ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਵਿੱਚ ਪਾਬੰਦੀ ਲਾ ਦਿੱਤੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਬ੍ਰਿਟੇਨ ਨੇ ਕਿਹਾ ਹੈ ਕਿ ਉਹ ਤਿੰਨ ਜਨਰਲਾਂ ਦੀ ਜਾਇਦਾਦ ਜ਼ਬਤ ਕਰਨ ਦੇ ਨਾਲ ਉਨ੍ਹਾਂ ਦੀ ਯਾਤਰਾ 'ਤੇ ਪਾਬੰਦੀ ਲਾਏਗਾ। ਕੈਨੇਡਾ ਨੇ ਕਿਹਾ ਕਿ ਉਹ ਨੌਂ ਫੌਜੀ ਅਧਿਕਾਰੀਆਂ ਵਿਰੁੱਧ ਕਾਰਵਾਈ ਕਰੇਗਾ। ਬ੍ਰਿਟਿਸ਼ ਵਿਦੇਸ਼ ਮੰਤਰੀ ਡਾਮਿਨਿਕ ਰੋਬ ਨੇ ਦੱਸਿਆ ਕਿ ਕੌਮਾਂਤਰੀ ਸਹਿਯੋਗੀਆਂ ਨਾਲ ਮਿਲ ਕੇ ਮਿਆਂਮਾਰ ਦੇ ਲੋਕਾਂ ਨੂੰ ਇਨਸਾਫ ਦਿਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੌਰਾਨ ਮਿਆਂਮਾਰ 'ਚ ਪ੍ਰਦਰਸ਼ਨਾਂ ਦੌਰਾਨ ਫੌਜ ਨੇ ਦੇਸ਼ 'ਚ ਸਾਰੀਆਂ ਭਾਸ਼ਾਵਾਂ 'ਚ ਵਿਕੀਪੀਡੀਆ ਦੀ ਪਹੁੰਚ ਰੋਕ ਦਿੱਤੀ ਹੈ। ਨੈਟਬਲਾਕਸ ਦੀ ਨਿਗਰਾਨ ਸੇਵਾ ਨੇ ਇਹ ਜਾਣਕਾਰੀ ਦਿੱਤੀ। ਨੈਟਬਲਾਕਸ ਨੇ ਟਵੀਟ ਕਰ ਕੇ ਕਿਹਾ ਕਿ ਮਿਆਂਮਾਰ ਫੌਜ ਨੇ ਇੰਟਰਨੈਟ 'ਤੇ ਮੌਜੂਦ ਵਿਕੀਪੀਡੀਆ ਦੀ ਪਹੁੰਚ ਨੂੰ ਸਾਰੀਆਂ ਭਾਸ਼ਾਵਾਂ ਵਿੱਚ ਰੋਕ ਦਿੱਤਾ ਹੈ।

# ਨੀਰਾ ਟੰਡਨ ਦੀ ਵਾਈਟ ਹਾਊਸ ਨਾਮਜ਼ਦਗੀ ਬਾਰੇ ਮਤਭੇਦ ਉਭਰੇ

ਵਾਸ਼ਿੰਗਟਨ, 21 ਫਰਵਰੀ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਵੱਲੋਂ ਨੀਰਾ ਟੰਡਨ ਨੂੰ ਵ੍ਹਾਈਟ ਹਾਊਸ ਦੇ ਪ੍ਰਬੰਧਤੇ ਬਜਟ ਦਫਤਰ ਦੇ ਡਾਇਰੈਕਟਰ ਨਾਮਜ਼ਦ ਕੀਤੇ ਜਾਣ ਬਾਰੇ ਸੱਤਾਧਾਰੀ ਡੈਮੋਕਰੇਟਿਕ ਪਾਰਟੀ ਵਿੱਚ ਮਤਭੇਦ ਉਭਰ ਆਏ ਹਨ। ਇਸ ਪਾਰਟੀ ਦੇ ਸੈਨੇਟਰ ਜੋਅ ਮੈਨਚਿਨ ਨੇ ਉਨ੍ਹਾਂ ਦੀ ਨਾਮਜ਼ਦਗੀ ਦੇ ਖਿਲਾਫ ਵੋਟ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਬਾਅਦ ਪੰਜਾਹ ਸਾਲਾਂ ਦੀ ਨੀਰਾ ਟੰਡਨ ਦੀ ਨਿਯੁਕਤੀ ਦੀ ਪੁਸ਼ਟੀ ਕਾਫੀ ਹੱਦ ਤੱਕ ਕਿਸੇ ਰਿਪਬਲਿਕਨ ਸੈਨੇਟਰਾਂ ਦੇ ਸਮਰਥਨ ਉੱਤੇ ਨਿਰਭਰ ਕਰਦੀ ਹੈ।


ਨੀਰਾ ਟੰਡਨ

ਦੂਸਰੇ ਪਾਸੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਕੱਲ੍ਹ ਕਿਹਾ ਕਿ ਉਨ੍ਹਾਂ ਕੋਲ ਟੰਡਨ ਦੀ ਨਿਯੁਕਤੀ ਦੀ ਪੁਸ਼ਟੀ ਲਈ ਲੋੜੀਂਦਾ ਬਹੁਮਤ ਹੈ। ਜੇ ਉਸ ਦੀ ਨਿਯੁਕਤੀ ਦੀ ਪੁਸ਼ਟੀ ਹੋ ਗਈ ਤਾਂ ਉਹ ਇਸ ਅਹੁਦੇ 'ਤੇ ਪੁੱਜਣ ਵਾਲੀ ਗੈਰ ਗੋਰੀ ਅਤੇ ਭਾਰਤੀ ਮੂਲ ਦੀ ਪਹਿਲੀ ਮਹਿਲਾ ਹੋਵੇਗੀ। ਉਸ ਦਾ ਵਿਰੋਧ ਕਰਨ ਵਾਲਾ ਸੈਨੇਟਰ ਮੈਨਚਿਨ ਵੈਸਟ ਵਰਜੀਨੀਆ ਤੋਂ ਹੈ ਅਤੇ ਉਸ ਨੂੰ ਉਦਾਰਵਾਦੀ ਡੈਮੋਕ੍ਰੇਟ ਮੰਨਿਆ ਜਾਂਦਾ ਹੈ। ਉਸ ਨੇ ਕਿਹਾ ਕਿ 'ਮੇਰਾ ਮੰਨਣਾ ਹੈ ਕਿ ਨੀਰਾ ਟੰਡਨ ਵੱਲੋਂ ਦਿੱਤੇ ਇੱਕ ਪੱਖੀ ਬਿਆਨ ਦਾ ਅਸਰ ਐਮ ਪੀਜ਼ ਅਤੇ ਪ੍ਰਬੰਧਕੀ ਕੰਮਾਂਅਤੇ ਬਜਟ ਦਫਤਰ ਦੇ ਮਹੱਤਵਪੂਰਨ ਕੰਮਾਂ 'ਤੇ ਪਵੇਗਾ, ਇਸ ਕਾਰਨ ਮੈਂ ਉਸ ਦੀ ਨਾਮਜ਼ਦਗੀ ਦਾ ਸਮਰਥਨ ਨਹੀਂ ਕਰ ਸਕਦਾ। ਮੈਂ ਪਹਿਲਾ ਵੀ ਕਿਹਾ ਸੀ ਕਿ ਸਾਨੂੰ ਰਾਜਨੀਤੀ ਵਿੱਚ ਦਾਖਲ ਹੋ ਚੁੱਕੀ ਵੰਡ-ਪਾਊ ਬਿਰਤੀ ਨੂੰ ਦੂਰ ਕਰਨ ਲਈ ਸਾਰਥਕ ਕਦਮ ਚੁੱਕਣੇ ਚਾਹੀਦੇ ਹਨ।' 100 ਮੈਂਬਰੀ ਸੈਨੇਟ ਵਿੱਚ ਰਿਪ-ਬਲਿਕਨ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਪੰਜਾਹ-ਪੰਜਾਹ ਮੈਂਬਰ ਹਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਵੋਟ ਦਾ ਝੁਕਾਅ ਡੈਮੋਕ੍ਰੇਟਿਕ ਪਾਰਟੀ ਦੇ ਪੱਖ ਵਿੱਚ ਆਉਣ ਦੀ ਆਸ ਹੈ। ਅਜਿਹੇ ਸਮੇਂ ਮੈਨਚਿਨ ਦੀ ਵੋਟ ਦਾ ਮਹੱਤਵ ਵੱਧ ਜਾਂਦਾ ਹੈ, ਜੇ ਉਹ ਨਾਮਜ਼ਦਗੀ ਖਿਲਾਫ ਵੋਟ ਪਾਉਂਦੀ ਹੈ ਤਾਂ ਰਿਪ-ਬਲਿਕਨ ਪਾਰਟੀ ਦਾ ਕੰਮ ਸੌਖਾ ਹੋ ਜਾਵੇਗਾ, ਕਿਉਂਕਿ ਉਸ ਦੇ ਜ਼ਿਆਦਾਤਰ ਨੇਤਾ ਨੀਰਾ ਟੰਡਨ ਦੀ ਨਾਮਜ਼ਦਗੀ ਦੇ ਵਿਰੁੱਧ ਹਨ। ਇਸ ਤੋਂ ਪਹਿਲਾਂ ਟੰਡਨ ਨੇ ਸੈਨੇਟ ਵਿੱਚ ਘੱਟ ਗਿਣਤੀ ਦੇ ਨੇਤਾ ਮਿਕ ਮੈਕੋਨੇਲ ਨੂੰ 'ਵਾਲਡਮੋਰਟ' (ਖਲਨਾਇਕ ਪਾਤਰ) ਕਿਹਾ ਸੀ। ਟੰਡਨ ਦਾ ਸੈਨੇਟਰ ਬਰਨੀ ਸੈਂਡਰਸ ਅਤੇ ਉਸ ਦੇ ਸਮਰਥਕਾਂ ਨਾਲ ਆਨਲਾਈਨ ਵਾਦ-ਵਿਵਾਦ ਚੱਲਦਾ ਰਹਿੰਦਾ ਹੈ। ਨੀਰਾ ਨੇ ਆਪਣੀ ਨਾਮਜ਼ਦਗੀ ਲਈ ਹੋਈ ਬਹਿਸ ਦੌਰਾਨ ਸਭ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਲੰਬੇ ਸਮੇਂ ਤੱਕ ਚੋਟੀ ਦੇ ਰਿਪਬਲਿਕਨ ਨੇਤਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਮੁਆਫੀ ਮੰਗੀ। ਉਸ ਨੇ ਇਸ ਬਾਰੇ ਲਿਖੇ ਇੱਕ ਹਜ਼ਾਰ ਤੋਂ ਜ਼ਿਆਦਾ ਟਵੀਟ ਵੀ ਡਿਲੀਟ ਕੀਤੇ। ਹਿਲੇਰੀ ਕਲਿੰਟਨ ਦੀ ਸਾਬਕਾ ਸਲਾਹਕਾਰ ਰਹੀ ਨੀਰਾ ਟੰਡਨ ਨੇ ਉਦਾਰਵਾਦੀ ਰੁਖ਼ ਰੱਖਣ ਵਾਲੇ ਸੈਂਟਰ ਫਾਰ ਅਮੇਰਿਕਨ ਪ੍ਰੋਗਰੈਸ ਦੇ ਪ੍ਰਧਾਨ ਦੇ ਅਹੁਦੇ 'ਤੇ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਹਨ।

# ਪਾਕਿਸਤਾਨ ਵੱਲੋਂ ਗੁਲਾਬੀ ਲੂਣ ਨੂੰ ਜੀ ਆਈ ਵਜੋਂ ਰਜਿਸਟਰ ਕਰਨ ਦੀ ਅਰਜ਼ੀ

ਲਾਹੌਰ, 21 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਨੇ ਗੁਲਾਬੀ ਲੂਣ ਵਜੋਂ ਪ੍ਰਸਿੱਧ ਲਾਹੌਰੀ ਲੂਣ (ਸੇਂਧਾ ਜਾਂ ਚੱਟਾਨੀ ਲੂਣ) ਨੂੰ ਭੂਗੋਲਿਕ ਸੰਕੇਤ (ਜੀ ਆਈ) ਵਜੋਂ ਰਜਿਸਟਰ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਦੂਜੇ ਦੇਸ਼ਾਂ ਵੱਲੋਂ ਇਸ ਦੀ ਅਣ-ਅਧਿਕਾਰਤ ਵਰਤੋਂ ਨੂੰ ਰੋਕਿਆ ਜਾ ਸਕੇ। ਜੀ ਆਈ ਟੈਗ ਇੱਕ ਜਿਉਗਰਾਫੀਕਲ ਗਰੇਡ ਹੈ, ਜੋ ਕਿਸੇ ਖਾਸ ਖੇਤਰ, ਰਾਜ, ਖਾਸ ਦੇਸ਼ ਦੇ ਉਤਪਾਦ, ਨਿਰਮ-ਾਤਾ ਜਾਂ ਕਾਰੋਬਾਰੀਆਂ ਦੇ ਗਰੁੱਪ ਨੂੰ ਚੰਗੀ ਕੁਆਲਟੀ ਦੀਆਂ ਖੇਤੀ, ਉਦਯੋਗਿਕ ਅਤੇ ਕੁਦਰਤੀ ਚੀਜ਼ਾਂ ਦੇ ਲਈ ਦਿੱਤਾ ਜਾਂਦਾ ਹੈ। ਉਕਤ ਫੈਸਲਾ ਆਈ ਪੀ ਓ ਦੀ ਬੈਠਕ ਵਿੱਚ ਲਿਆ ਗਿਆ, ਜਿਸ ਦੀ ਪ੍ਰਧਾਨਗੀ ਕਾਰੋਬਾਰ ਸਲਾਹਕ-ਾਰ ਰਜ਼ਾਕ ਦਾਦ ਨੇ ਕੀਤੀ ਹੈ।

ਇਸ ਸੰਬੰਧ ਵਿੱਚ ਪਾਕਿਸਤਾਨ ਦੇ ਵਪਾਰ ਮੰਤਰਾਲੇ ਦਾ ਦਾਅਵਾ ਹੈ ਕਿ ਉਨ੍ਹਾਂ ਕੋਲ ਗੁਲਾਬੀ ਲੂਣ ਦਾ ਦੁਨੀਆ ਵਿੱਚ ਸਭ ਤੋਂ ਵੱਧ ਭੰਡਾਰ ਹੈ ਅਤੇ ਇਸ ਨੂੰ ਦੁਨੀਆ ਭਰ ਵਿੱਚ ਕੱਚੇ ਰੂਪ ਵਿੱਚ ਜਾਂ ਵਿਦੇਸ਼ੀ ਮਾਰਕੇ ਨਾਲ ਬਹੁਤ ਮਾਮੂਲੀ ਕੀਮਤ ਉੱਤੇ ਵੇਚਿਆ ਜਾਂਦਾ ਹੈ। ਮੰਤਰਾਲੇ ਅਨੁਸਾਰ ਇਸ ਦਾ ਇੱਕ ਕਾਰਨ ਇਹ ਹੈ ਕਿ ਪਾਕਿ ਕਾਰੋਬਾਰੀਆਂ ਨੇ ਅਜੇ ਤੱਕ ਆਪਣਾ ਬ੍ਰਾਂਡ ਵਿਕਸਤ ਨਹੀਂ ਕੀਤਾ। ਦੱਸਿਆ ਜਾਂਦਾ ਹੈ ਕਿ ਪਾਕਿ ਨੇ ਇਸ ਸਾਲ ਲਗਭਗ 92,752 ਮੀਟ੍ਰਿਕ ਟਨ ਲੂਣ ਦੀ ਐਕਸਪੋਰਟ ਕੀਤੀ ਸੀ, ਜਿਸ ਦੀ ਕੀਮਤ ਦੋ ਅਰਬ 15 ਕਰੋੜ ਰੁਪਏ ਹੈ।



ਵਰਨਣ ਯੋਗ ਹੈ ਕਿ ਸਮੁੰਦਰ ਦੇ ਖਾਰੇ ਪਾਣੀ ਤੋਂ ਬਣਾਉਣ ਵਾਲਾ ਸਾਧਾਰਨ ਲੂਣ ਗੁਜਰਾਤ, ਮਦਰਾਸ (ਚੇਨਈ) ਆਦਿ ਦੇ ਸਮੁੰਦਰਾਂ ਤੋਂ ਵੱਡੀ ਮਾਤਰਾ ਵਿੱਚ ਦੇਸ਼ ਵਿੱਚ ਉਪਲਬਧ ਕਰਵਾਇਆ ਜਾਂਦਾ ਹੈ, ਜਦ ਕਿ ਲਾਹੌਰੀ ਲੂਣ ਨੂੰ ਪਾਕਿ ਤੋਂ ਮੰਗਵਾਉਣ ਤੋਂ ਇਲਾਵਾ ਭਾਰਤ ਕੋਲ ਕੋਈ ਬਦਲ ਨਹੀਂ ਹੈ। ਆਪਣੀ ਸ਼ੁੱਧਤਾ ਅਤੇ ਆਯੁਰਵੈਦਿਕ ਗੁਣਾਂ ਸਦਕਾ ਇਹ ਲੂਣ ਸਿਰਫ ਘਰਾਂ ਵਿੱਚ ਵਰਤੋਂ ਵਿੱਚ ਨਹੀਂ ਲਿਆਂਦਾ ਜਾ ਰਿਹਾ ਹੈ, ਸਗੋਂ ਹਕੀਮਾਂ ਵੱਲੋਂ ਵੀ ਵੱਖ-ਵੱਖ ਪ੍ਰਕਾਰ ਦੇ ਚੂਰਨਾਂ ਤੇ ਦਵਾਈਆਂ ਵਿੱਚ ਵਰਤਿਆ ਜਾ ਰਿਹਾ ਹੈ। ਪਾਕਿ ਵੱਲੋਂ ਭਾਰਤ ਨਾਲ ਵਪਾਰ ਉੱਤੇ ਲਾਈ ਰੋਕ ਤੋਂ ਪਹਿਲਾਂ ਲਗਭਗ ਰੋਜ਼ 10-15 ਟਰੱਕ ਲਾਲ, ਚਿੱਟੇ, ਗੁਲਾਬੀ, ਕਾਲੇ ਤੇ ਭੂਰੇ ਰੰਗ ਵਾਲੇ ਲਾਹੌਰੀ ਲੂਣ ਦੇ ਭਾਰਤ ਭੇਜੇ ਜਾਂਦੇ ਸਨ, ਜਦ ਕਿ ਪਾਕਿ ਦੇ ਜ਼ਿਲ੍ਹਾ ਜਿਹਲਮ ਦੇ ਪਿੰਡ ਦਾਦਨ ਖਾਨ ਦੀ ਖੇਵੜਾ ਖਾਣ ਸਮੇਤ ਵਰਚਾ ਤੇ ਕਾਲਾ ਬਾਗ਼ ਲੂਣ ਦੀਆਂ ਖਾਨਾਂ ਵਿੱਚ ਹਲਕੇ ਜਾਂ ਗੂੜ੍ਹੇ ਨੀਲੇ ਰੰਗ, ਬੈਂਗਣੀ, ਨਾਰੰਗੀ ਤੇ ਪੀਲੇ ਰੰਗਾਂ ਵਿੱਚ ਵੀ ਇਹ ਲੂਣ ਪੱਥਰਾਂ ਦੇ ਰੂਪ ਵਿੱਚ ਮੌਜੂਦ ਹੈ।

# ਕੈਨੇਡੀਅਨ ਪੰਜਾਬੀ ਪੋਸਟ CLASSIFIEDS

Award winning news paper | Canadian Punjabi Post

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





















## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2", ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)






## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11", ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7", ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3", ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653






Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654





